Santokh Singh.
Namdhari

ੴ

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ
## ਦੇ ਸ਼ੁਭ ਆਗਮਨ ਦੀ ਸਭ ਨੂੰ ਵਧਾਈ ਹੋਵੈ

## HAPPY BASANT PUNCHMI



ਸ੍ਰੀ ਭੈਣੀ ਸਾਹਿਬ ਤੋਂ ਤਕਰੀਬਨ ੮੦੦ ਕੋਹ ਤੇ ਜੰਗਲ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਨੇ ਭਾਈ ਰਾਇ ਸਿੰਘ ਜੀ ਨੂੰ ਦਰਸ਼ਨ ਦਿੱਤਾ ਅਤੇ ਸ਼ੇਰ ਤੋਂ ਰੱਖਿਆ ਕੀਤੀ

Sri Satguru Jagjit Singh Ji Elibrary Namdharielibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ੴ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਅਮਰ ਦਾਸ ਜੀ ਲਿਖਦੇ ਹਨ

# ਦੀਵਾ ਬਲੈ ਅੰਧੇਰਾ ਜਾਇ

ਕਿਸੇ ਹਨੇਰੇ ਕਮਰੇ ਵਿਚ ਮਨੁੱਖ ਨੂੰ ਬਿਨਾਂ ਕਾਲੇ ਰੰਗ ਦੇ ਕੁਝ ਨਹੀਂ ਦਿੱਸਦਾ । ਉੱਥੇ ਐਵੇਂ ਹੀ ਡਰ ਪਿਆ ਲੱਗਦਾ ਹੈ । ਕਈ ਵਾਰੀ ਭੂਤ ਪ੍ਰੇਤ ਦਾ ਭੈ ਵੀ ਆਉਣ ਲੱਗ ਪੈਂਦਾ ਹੈ, ਕਈ ਵਾਰੀ ਕੋਈ ਠੋਕਰ ਵੀ ਲੱਗ ਜਾਂਦੀ ਹੈ, ਇਸੇ ਹਨੇਰੇ ਕਮਰੇ ਵਿਚ ਜੇ ਕੋਈ ਦੀਵਾ ਜਾਂ ਲੈਂਪ (Lamp) ਜਗਾਇਆ ਜਾਏ ਤਾਂ ਕਮਰੇ ਵਿਚ ਰੋਸ਼ਨੀ ਹੋ ਜਾਣ ਕਾਰਨ ਕਮਰੇ ਵਿਚ ਪਈ ਹੋਈ ਹਰ ਚੀਜ਼ ਦਿੱਸਣ ਲੱਗ ਪੈਂਦੀ ਹੈ । ਜਿੱਥੇ ਪਹਿਲੋਂ ਮਨੁੱਖ ਹਨੇਰੇ ਕਾਰਨ ਅੰਦਰ ਵੜਨ ਤੋਂ ਵੀ ਡਰਦਾ ਸੀ, ਉੱਥੇ ਹੁਣ ਰੋਸ਼ਨੀ ਹੋ ਜਾਣ ਕਾਰਨ ਕਮਰੇ ਵਿਚ ਪਈ ਹੋਈ ਹਰ ਚੀਜ਼ ਨੂੰ ਚੰਗੀ ਤਰਾਂ ਵੇਖਦਾ ਹੋਇਆ ਉਸ ਕੋਲੋਂ ਲਾਭ ਉਠਾਉਣ ਦਾ ਜਤਨ ਕਰਦਾ ਹੈ ।

ਅਵਿੱਦਿਆ ਵੀ ਇੱਕ ਹਨੇਰਾ ਹੈ । ਇਸ ਹਨੇਰੇ ਨੂੰ ਦੂਰ ਕਰਨ ਲਈ ਵਿੱਦਿਆ ਰੂਪੀ ਦੀਪਕ ਦੀ ਲੋੜ ਹੈ । ਜਿੱਥੇ ਵਿੱਦਿਆ ਹੀਨ ਆਦਮੀ ਵਹਿਮਾਂ ਭਰਮਾਂ ਵਿਚ ਫਸਿਆ ਰਹਿੰਦਾ ਹੈ, ਉੱਥੇ ਵਿੱਦਿਆਵਾਨ ਵਿੱਦਿਆ ਦੇ ਗੁਣ ਨਾਲ ਡਾਕਟਰ, ਜੱਜ, ਇੰਨਜੀਨੀਅਰ ਡਿਪਟੀ ਕਮਿਸ਼ਨਰ ਜਾਂ ਚੰਗਾ ਵਪਾਰੀ ਬਣ ਕੇ ਦੇਸ਼ ਦੀ ਸੇਵਾ ਕਰਦਾ ਹੋਇਆ ਆਪਣਾ ਜੀਵਨ ਚੰਗੀ ਤਰਾਂ ਬਿਤਾਉਂਦਾ ਹੈ

ਸਿਆਣੇ ਆਦਮੀ ਕਹਿੰਦੇ ਹਨ :- "ਬਿਨਾਂ ਵਿੱਦਿਆ ਪਸ਼ ਪ੍ਰੇਤ"

ਭਾਵ ਵਿੱਦਿਆ ਤੋਂ ਬਿਨਾਂ ਆਦਮੀ ਪਸ਼ੂ ਅਤੇ ਪ੍ਰੇਤ ਦੀ ਤਰ੍ਹਾਂ ਹੈ । ਇਹ ਵਿੱਦਿਆ ਦਾ ਹੀ ਚਮਤਕਾਰ ਹੈ ਕਿ ਇਕ ਨੰਗਾ ਧੜੰਗਾ ਰਹਿਣ ਵਾਲਾ ਅਤੇ ਦਰਖਤਾਂ ਦੇ ਪੱਤਿਆਂ ਉੱਤੇ ਆਪਣੀ ਜ਼ਿੰਦਗੀ ਗੁਜ਼ਾਰਣ ਵਾਲਾ ਮਨੁੱਖ ਅਜ ਸੁਹਣੇ ਸੁਹਣੇ ਕਪੜੇ ਪਹਿਨਣ ਵਾਲਾ ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲਾ ਅਤੇ ਏਅਰ ਕੰਨਡੀਸ਼ੰਡ ਕਮਰਿਆਂ ਵਿਚ ਰਹਿਣ ਵਾਲਾ ਬਣ ਗਿਆ ਹੈ । ਇਹ ਵਿੱਦਿਆ ਦੀ ਹੀ ਬਰਕਤ ਹੈ ਕਿ ਅਸੀਂ ਘਰ ਬੈਠਿਆਂ ਹੀ ਸਾਰੀ ਦੁਨੀਆਂ ਦੀਆਂ ਖਬਰਾਂ ਸੁਣ ਸਕਦੇ ਹਾਂ ਅਤੇ ਤਸਵੀਰਾਂ ਵੀ ਵੇਖ ਸਕਦੇ ਹਾਂ ਘਰ ਬੈਠਿਆਂ ਹੀ ਇੰਗਲੈਂਡ, ਅਮਰੀਕਾ, ਜਰਮਨੀ, ਜਾਪਾਨ ਆਦਿ ਦੇਸ਼ਾਂ ਦੇ ਲੋਕਾਂ ਨਾਲ ਗੱਲਾਂ ਕਰ ਸਕਦੇ ਹਾਂ

ਜਿਥੇ ਸਾਨੂੰ ਅਪਣੇ ਸਰੀਰਾਂ ਨੂੰ ਪਾਲਣ ਵਾਸਤੇ ਅਤੇ ਆਪਣੀ ਜ਼ਿੰਦਗੀ ਨੂੰ ਸੁਖੀ ਕਰਨ ਵਾਸਤੇ ਵਿਹਾਰਕ ਅਤੇ ਸਾਇੰਸ ਵਿੱਦਿਆ ਦੀ ਬਹੁਤ ਲੋੜ ਹੈ ਉੱਥੇ ਸਾਨੂੰ ਮਨ ਨੂੰ ਕੁਕਰਮਾਂ ਤੋਂ ਰੋਕਣ ਵਾਸਤੇ ਅਤੇ ਪਰਉਪਕਾਰ ਕਰਨ ਵਾਸਤੇ ਧਾਰਮਕ ਵਿੱਦਿਆ ਦੀ ਵੀ ਬਹੁਤ ਲੋੜ ਹੈ । ਭਗਤ ਸ੍ਰੀ ਕਬੀਰ ਜੀ ਲਿਖਦੇ ਹਨ :-

**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ।** (ਪੰਨਾ ੩੪੦)

ਨਾਮ ਜਪਣ ਨਾਲ ਗੁਰੂ ਪਰਮੇਸ਼ਰ ਨਾਲ ਪਿਆਰ ਪੈਂਦਾ ਹੈ ਅਤੇ ਗੁਰਬਾਣੀ ਪੜ੍ਹਨ ਅਤੇ ਵਿਚਾਰਨ ਨਾਲ ਸਤਿ, ਸੰਤੋਖ, ਦਇਆ, ਧਰਮ ਆਦਿ ਦੈਵੀ ਗੁਣਾਂ ਦੀ ਸਿੱਖਿਆ ਮਿਲਦੀ ਹੈ।

ਵਿੱਦਿਆ ਜ਼ਰੂਰ ਅਤੇ ਵੱਧ ਤੋਂ ਵੱਧ ਪੜ੍ਹਨੀ ਚਾਹੀਦੀ ਹੈ ਪਰ ਵਿੱਦਿਆ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਜਿੱਥੇ ਹੰਕਾਰ ਹੈ ਉੱਥੇ ਵਿੱਦਿਆ ਨਹੀਂ ਅਤੇ ਜਿੱਥੇ ਵਿੱਦਿਆ ਹੈ ਉੱਥੇ ਹੰਕਾਰ ਨਹੀਂ। ਵਿੱਦਿਆ ਦੀ ਇਹ ਸਿਫਤ ਹੈ ਕਿ ਦੇਸ ਪ੍ਰਦੇਸ ਹਰ ਥਾਂ ਸਹਾਇਤਾ ਕਰਦੀ ਹੈ।

ਵਿਧਯਾਵਾਨ ਕੋ ਦੇਸ ਬਿਦੇਸ਼ ਮਿਲਤੇ ਸੁਖ ਹਮੇਸ਼ ਵਿਸ਼ੇਸ਼

ਅਜਕਲ ਤਾਂ ਪਿੰਡ ਪਿੰਡ ਸਕੂਲ ਹਨ ਪਰ ਪਹਿਲਾਂ ਇੰਨੇ ਸਕੂਲ ਨਹੀਂ ਸਨ ਹੁੰਦੇ ਵਿੱਦਿਆ ਦੇ ਚਾਹਵਾਨ ਨੂੰ ਬੜੀ ਬੜੀ ਦੂਰ ਜਾ ਕੇ ਵਿੱਦਿਆ ਪ੍ਰਾਪਤ ਕਰਨੀ ਪੈਂਦੀ ਸੀ।

ਭਾਈ ਰਾਇ ਸਿੰਘ ਜੀ ਮੁਕਤਸਰ ਸਾਹਿਬ ਦੇ ਨੇੜੇ ਇਕ ਪਿੰਡ ਮਦੀਹਰ ਦੇ ਰਹਿਣ ਵਾਲੇ ਸਨ। ਇਨ੍ਹਾਂ ਨੂੰ ਬਚਪਨ ਤੋਂ ਹੀ ਵਿੱਦਿਆ ਪੜ੍ਹਨ ਦਾ ਸ਼ੌਕ ਸੀ। ਵਿੱਦਿਆ ਪੜ੍ਹਨ ਵਾਸਤੇ ਆਪ ਸ੍ਰੀ ਅੰਮ੍ਰਿਤਸਰ ਗਏ। ਸੰਤ ਗਿਆਨ ਸਿੰਘ ਜੀ ਲਿਖਦੇ ਹਨ :-

ਪ੍ਰੀਤ ਉਠੀ ਮਨ ਰਾਇ ਸਿੰਘ ਦੇਸ਼ ਮਾਲਵਾ ਛੋੜ।
ਸ੍ਰੀ ਅੰਮ੍ਰਿਤਸਰ ਜੀ ਗਇਓ ਵਿਦਿਆ ਦੀ ਕਰ ਲੋੜ।

ਇਥੇ ਰਹਿੰਦਿਆਂ ਭਾਈ ਜੀ ਨੇ ਕਈ ਗ੍ਰੰਥ ਪੜ੍ਹੇ। ਫਿਰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਅਰਥਾਂ ਸਹਿਤ ਸ਼ੁਰੂ ਕੀਤਾ। ਜਦੋਂ ਆਪ ਇਹੋ ਜਿਹੇ ਸ਼ਬਦ ਪੜ੍ਹਦੇ ਕਿ

**ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।**
**ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।** (ਪੰਨਾ ੫੯)

ਅਥਵਾ **ਬਿਨੁ ਸਤਿਗੁਰ ਕਿਨੈ ਨ ਪਾਇਓ**
**ਬਿਨੁ ਸਤਿਗੁਰ ਕਿਨੈ ਨ ਪਾਇਆ।** (ਪੰਨਾ ੪੬੬)

ਤਾਂ ਆਪ ਸੋਚਦੇ ਕਿ ਮੈਂ ਕਈ ਗ੍ਰੰਥ ਪੜ੍ਹ ਲੈ ਹਨ ਪਰ ਨਾ ਤਾਂ ਮੈਨੂੰ ਆਤਮਕ ਸ਼ਾਂਤੀ ਹੀ ਪ੍ਰਾਪਤ ਹੋਈ ਹੈ ਅਤੇ ਨਾ ਹੀ ਆਤਮਕ ਗਿਆਨ ਪ੍ਰਾਪਤ ਹੋਇਆ ਹੈ, ਇਸ ਦਾ ਕਾਰਨ ਸ਼ਾਇਦ ਇਹ ਹੀ ਨ ਹੋਵੇ ਕਿ ਮੈਂ ਹਾਲੀ ਤਕ ਕੋਈ ਗੁਰੂ ਧਾਰਨ ਨਹੀਂ ਕੀਤਾ, ਬੜਾ ਸੋਚਦੇ ਰਹਿੰਦੇ। ਫਿਰ ਜਦੋਂ ਆਪ ਜੀ ਨੇ ਇਹ ਪੜ੍ਹਿਆ :-

**ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ**
**ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ।** (ਪੰਨਾ ੫੪੦)

ਤਾਂ ਆਪ ਜੀ ਨੇ ਨਿਸਚਾ ਕਰ ਲਿਆ ਕਿ ਮੈਨੂੰ ਗੁਰੂ ਜ਼ਰੂਰ ਧਾਰਨ ਕਰਨਾ ਚਾਹੀਦਾ ਹੈ। ਹੁਣ ਸਵਾਲ ਇਹ ਸੀ

Sri Satguru Jagjit Singh Ji Elibrary NamdhariElibrary@gmail.com

ਕਿ ਗੁਰੂ ਕਿਸਨੂੰ ਧਾਰਨ ਕੀਤਾ ਜਾਏ ? ਕਿਉਂਜੋ ਆਪ ਜਾਣਦੇ
ਸਨ ਕਿ

**ਅੰਧੇ ਗੁਰੂ ਤੇ ਭਰਮੁ ਨ ਜਾਈ ।** (ਪੰਨਾ ੨੩੨)

ਆਪ ਚਾਹੁੰਦੇ ਸਨ ਕਿ ਭੇਖੀ ਅਥਵਾ ਕਪਟੀ ਸਾਧੂਆਂ ਦੇ ਝਾਂਸੇ ਵਿਚ ਨ ਫਸਿਆ ਜਾਏ
ਅਤੇ ਕਿਸੇ ਐਸੇ ਗੁਰੂ ਦਾ ਸਿੱਖ ਬਣਿਆ ਜਾਏ ਜਿਦੇ ਬਾਬਤ ਇਹ ਲਿਖਿਆ ਹੈ

**ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ।** (ਪੰਨਾ ੬੨੫)

ਅਥਵਾ ਗੁਰੂ ਮਾਰਗ ਭੂਲੇ ਕੋ ਪਾਵੈ, ਗੁਰ ਮਿਲਿਐ ਸ਼ਾਂਤੀ ਮਨਿ ਆਵੈ ।

ਪੂਰਾ ਗੁਰੁ ਮਿਲੇ ਦੁਖ ਕਾਟੈ, ਜਮ ਜੰਦਾਰ ਕੇ ਕਾਗਦ ਫਾਟੈ ।

ਹੁਣ ਭਾਈ ਜੀ ਇਹ ਸੋਚਣ ਲਗੇ :-

ਸੋ ਕਿਵ ਪਾਵੈ ਗੁਰੂ ਪਿਆਰਾ, ਜਿਸ ਤੇ ਹੋਵੈ ਪਾਰ ਉਤਾਰਾ ।

ਬਖਸ਼ੇ ਹਰ ਉਰ ਸ਼ਾਂਤੀ ਮੇਰੇ, ਸਤਿਗੁਰੂ ਮਿਲੇ ਜੇ ਭਾਗ ਬਡੇਰੇ ।

ਹੁਣ ਭਾਈ ਜੀ ਦੀਆਂ ਸੋਚਾਂ ਗੁਰੂ ਦਰਸ਼ਨ ਦੀ ਲਾਲਸਾ ਵਿਚ ਬਦਲ ਗਈਆਂ

"**ਪ੍ਰਭ ਮਿਲਬੇ ਕੀ ਲਾਲਸਾ**" ਲਗ ਗਈ

ਅਥਵਾ "ਚਾਹਿ ਲਗੀ ਗੁਰ ਮਿਲਣੇ ਵਾਲੀ" ਗੁਰੂ ਦਰਸ਼ਨ ਕਰਨ ਦੀ
ਲਾਲਸਾ ਇਥੋਂ ਤਕ ਵਧ ਗਈ ਕਿ

**ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ**

ਹੁਣ ਤਾਂ ਭਾਈ ਜੀ ਇਸ ਤਰ੍ਹਾਂ ਤੜਫਣ ਲਗੇ ਜਿਵੇਂ ਕਿਸੇ ਜੰਗਲ ਵਿਚ ਇਕ ਪਿਆਸਾ
ਆਦਮੀ ਪਾਣੀ ਵਾਸਤੇ ਤਰਲੇ ਲੈਂਦਾ ਹੋਇਆ ਇਹ ਕਹਿੰਦਾ ਹੈ ਕਿ "ਹਾਏ ਮੈਨੂੰ ਪਾਣੀ ਜਲਦੀ ਮਿਲੇ ।

ਪਿਆਸਾ, ਬਾਰ ਬਾਰ, ਬਿਨ ਬਾਰ, ਬਾਰ ਬੀਚ, ਚਹਿ ਬਿਨਾਂ ਅਵਰ ।

ਅਥਵਾ **ਜਿਉ ਚਾਤ੍ਰਿਕ ਜਲ ਬਿਨੁ ਬਿਲਲਾਵੈ ।**

ਭਾਈ ਜੀ ਨੇ "ਵੈਰਾਗੀ" ਹਾਲਤ ਵਿਚ ਕੁਝ ਇਸ ਤਰ੍ਹਾਂ ਦੀ ਅਰਦਾਸ ਕੀਤੀ

**ਹੇ ਸਮੇਂ ਦੇ ਗੁਰੂ ਜੀ ! ਮੈਂ ਅੰਞਾਣ ਤੇ ਤਰਸ ਕਰਕੇ**

**ਦਰਸ਼ਨ ਦੀ ਦਾਤ ਬਖਸ਼ੋ ਜੀ ।**

Sri Satguru Jagjit Singh Ji Elibrary NamdhariElibrary@gmail.com

ਜਦੋਂ ਭਾਈ ਜੀ, ਦਰਸ਼ਨ ਵਾਸਤੇ ਇੰਨੇ ਤਰਲੇ ਕਰ ਰਹੇ ਸਨ ਤਾਂ

**ਘਟ ਘਟ ਕੇ ਅੰਤਰ ਕੀ ਜਾਨਤ, ਭਲੇ ਬੁਰੇ ਕੀ ਪੀਰ ਪਛਾਨਤ ।**

ਵਾਲੇ ਸਤਿਗੁਰੂ ਜੀ

ਗੁਰੂ ਰਾਮ ਸਿੰਘ ਧਰਮੀ ਧੀਰ, ਜਾਨ ਸਿੱਖ ਕੀ ਬਿਰਹੋਂ ਪੀਰ ।

ਪਹੁੰਚੇ ਰਾਇ ਸਿੰਘ ਕੇ ਪਾਸ ।

ਫਿਰ ਕੀ ਹੋਇਆ ?

ਭਾਈ ਜੀ ਨੇ ਦਰਸ਼ਨ ਪਾਇਓ ਜਬ ਸੁਖ ਰਾਸ ।

ਅਥਵਾ

ਕਟੜੇ ਹਰੀ ਸਿੰਘ ਕੇ ਮਾਂਹਿ, ਤਾਂਹਿ ਮਿਲੇ ਵਾਲੀ ਜਗ ਜਾਹਿ ।

ਜਿੱਥੇ ਭਾਈ ਜੀ ਗੁਰੂ ਦਰਸ਼ਨ ਲਈ ਵਿਲਕ ਰਹੇ ਸਨ, ਉੱਥੇ ਹੀ ਭਾਵ ਕਟੜੇ ਹਰੀ ਸਿੰਘ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਜੀ ਨੂੰ ਆ ਦਰਸ਼ਨ ਦਿੱਤੇ। ਇਸ ਦਰਸ਼ਨ ਦਾ ਸੁਖ ਭਾਈ ਜੀ ਜਾਣਦੇ ਹੋਣਗੇ ਜਾਂ ਸਤਿਗੁਰੂ ਜੀ, ਮੈਂ ਜੀਵ ਕੀ ਲਿਖ ਸਕਦਾ ਹਾਂ ?

**ਜੋ ਸੁਖੁ ਦਰਸਨ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ ।** (ਪੰਨਾ ੪੩੧)

ਫਿਰ

**ਦਰਸਨੁ ਦੇਖਤ ਦੋਖ ਨਸੇ** (ਪੰਨਾ ੮੨੬)

ਅਥਵਾ

ਦਰਸਨ ਰਾਇ ਸਿੰਘ ਜਬ ਕੀਨਾ, ਗੁਰੂ ਰਾਮ ਸਿੰਘ ਸਭ ਦੁਖ ਛੀਨਾ ।

ਉਸ ਸਮੇਂ ਦੇ ਦਰਸ਼ਨ ਦੇ ਬਾਰੇ ਸੰਤ ਧਿਆਨ ਸਿੰਘ ਜੀ ਲਿਖਦੇ ਹਨ :-

ਕਛ, ਕੜਾ, ਸੀਧਾ ਦਸਤਾਰਾ । ਬਾਣਾ ਸਵੇਤ ਪਹਿਰਿਆ ਸਾਰਾ ।

ਲਾਂਬੀ ਭੁਜਾ ਵ ਲਾਂਬੀ ਡੀਲ, ਮਿਦੁਲ ਬਾਕ ਪੂਰਣ ਗੁਣ ਸੀਲ ।

ਭਾਵ ਸਤਿਗੁਰੂ ਜੀ ਦੇ ਤੇੜ ਕਛਹਿਰਾ ਹੈ, ਬਾਂਹ ਵਿਚ ਕੜਾ ਹੈ ਅਤੇ ਸੀਸ ਤੇ ਸਿੱਧਾ ਅਥਵਾ ਗੁਰਮੁਖੀ ਦਸਤਾਰਾ ਹੈ। ਉਨ੍ਹਾਂ ਦੇ ਸਾਰੇ ਬਸਤਰ ਚਿੱਟੇ ਹਨ। ਉਨ੍ਹਾਂ ਦੀਆਂ ਬਾਹਵਾਂ ਵੀ ਲੰਮੀਆਂ ਹਨ ਅਤੇ ਸਰੀਰ ਵੀ ਲੰਮਾ ਹੈ (ਉੱਚਾ ਹੈ) **ਆਜਾਨੁ ਬਾਹੁ** ਹਨ ਭਾਵ ਖਲੋਤਿਆਂ ਹੋਇਆਂ ਉਨ੍ਹਾਂ ਦੀਆਂ ਬਾਹਵਾਂ ਗੋਡਿਆਂ ਤਕ ਲੰਮੀਆਂ ਹਨ ਅਤੇ ਉਨ੍ਹਾਂ ਦੇ ਬਚਨ ਮਿੱਠੇ ਪੂਰਣ ਗੁਣਾਂ ਦੇ ਭਰੇ ਹੋਏ ਹਨ। ਸਤਿਗੁਰੂ ਜੀ ਦਾ ਸਾਰਾ ਹੀ ਸਰੀਰ ਅਤਿ ਸੁੰਦਰ ਹੈ

**ਤੇਰੇ ਬੰਕੇ ਲੋਇਣ, ਦੰਤ ਰੀਸਾਲਾ, ਸੋਹਣੇ ਨਕ ਜਿਨ ਲੰਮੜੇ ਵਾਲਾ ।**

**ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥** (ਪੰਨਾ ੫੬੭)

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਦੇ ਦਰਸ਼ਨ ਹੁੰਦਿਆਂ ਸਾਰ ਭਾਈ ਜੀ ਦੀ ਛਾਤੀ ਸੀਤਲ ਹੋ ਗਈ ਅਤੇ ਹਿਰਦੇ ਵਿਚ ਠੰਢ ਵਰਤ ਗਈ

ਦੇਖ ਦਰਸ ਸੀਤਲ ਭਈ ਛਾਤੀ ।
ਮਾਨੋ ਮਿਲੀ ਰੰਕਹਿ ਨਿਧਿ ਬਾਤੀ ।

ਸਾਵਧਾਨ ਹੋ ਕੇ ਭਾਈ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ
ਸ੍ਰੀ ਸਤਿਗੁਰੂ ਜੀ ਨੇ ਭਾਈ ਜੀ ਨੂੰ ਪੁੱਛਿਆ, "ਸੁਣ ਭਾਈ, ਕਿੰਨੇ ਕੁ ਗ੍ਰੰਥ ਪੜ੍ਹੇ ਹਨ?"
ਭਾਈਜੀ ਨੇ ਨਿਮ੍ਰਤਾ ਸਹਿਤ ਬੇਨਤੀ ਕੀਤੀ, "ਜੀ, ਪਹਿਲਾਂ ਤਾਂ ਮੈਂ ਹੋਰ ਹੀ ਬਹੁਤ ਗ੍ਰੰਥ ਪੜ੍ਹੇ ਸਨ ਪਰ ਅਜਕਲ ਮੈਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਪੜ੍ਹ ਰਿਹਾ ਹਾਂ।"
ਸਤਿਗੁਰੂ ਜੀ ਨੇ ਪੁੱਛਿਆ, "ਸੁਣ, ਫਿਰ ਕੀ ਸਿੱਖਿਆ ਮਿਲੀ ਹੈ?"
ਭਾਈ ਜੀ ਨੇ ਬੇਨਤੀ ਕੀਤੀ, "ਜੀ, ਇਸ ਵਿਚ ਤਾਂ ਬਾਰ ਬਾਰ ਇਹ ਹੀ ਲਿਖਿਆ ਹੈ ਕਿ ਗੁਰੂ ਬਿਨਾਂ ਗਿਆਨ ਨਹੀਂ ਹੋ ਸਕਦਾ। ਜਿਵੇਂ ਕਿ

**ਮਤ ਕੋ ਭਰਮਿ ਭੁਲੈ ਸੰਸਾਰਿ, ਗੁਰ ਬਿਨੁ ਕੋਇ ਨ ਉਤਰਸਿ ਪਾਰਿ।**

ਅਥਵਾ **ਗੁਰ ਬਿਨੁ ਗਿਆਨੁ ਨ ਹੋਵਈ, ਨਾ ਸੁਖੁ ਵਸੈ ਮਨਿ ਆਇ।**
(ਪੰਨਾ ੯੫੦)

ਅਥਵਾ **ਅਨਦਿਨੁ ਜਲਤੁ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ**
(ਪੰਨਾ ੧੦੪੦)

ਅਥਵਾ **ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ**
(ਪੰਨਾ ੬੩੫)

ਸ੍ਰੀ ਸਤਿਗੁਰੂ ਜੀ ਨੇ ਕਹਿਆ "ਭਾਈ, ਇਹ ਧੁਰ ਕੀ ਬਾਣੀ ਹੈ, ਇਹ ਗੁਰੂ ਸਾਹਿਬਾਨ ਜੀ ਨੇ ਸਾਡੇ ਭਲੇ ਵਾਸਤੇ ਉਚਾਰੀ ਹੋਈ ਹੈ। ਇਹ ਜ਼ਰੂਰ ਪੜ੍ਹਨੀ ਚਾਹੀਦੀ ਅਤੇ ਪੜ੍ਹ ਕੇ ਵੀਚਾਰ ਵੀ ਕਰਨੀ ਚਾਹਦੀ ਹੈ"
ਫਿਰ ਭਾਈ ਜੀ ਨੇ ਬੇਨਤੀ ਕੀਤੀ, "ਜੀ ਮੈਂ ਕਈ ਦਿਨਾਂ ਤੋਂ ਸੋਚ ਰਿਹਾ ਹਾਂ ਕਿ ਮੈਂ ਪੂਰੇ ਗੁਰੂ ਨੂੰ ਕਿਵੇਂ ਅਤੇ ਕਿੱਥੇ ਮਿਲਾਂ, ਬੜਾ ਉਦਾਸ ਅਤੇ ਬੇਚੈਨ ਰਹਿੰਦਾ ਸਾਂ। ਹੁਣ ਆਪ ਜੀ ਦਾ ਦਰਸ਼ਨ ਕਰਕੇ ਹਿਰਦੇ ਵਿਚ ਸ਼ਾਂਤੀ ਵਰਤ ਗਈ ਹੈ"

ਦਰਸ਼ਨ ਜਬੈ ਆਪ ਕਾ ਭਇਆ, ਉਰ ਸੀਤਲ ਕਰ ਤੁਮਰੀ ਦਇਆ।

ਸਤਿਗੁਰੂ ਜੀ ਥੋੜਾ ਜਿਹਾ ਮੁਸਕਰਾਏ ਤੇ ਬਚਨ ਕੀਤਾ, "ਭਾਈ, ਉਹ ਬੜੇ ਭਾਗਾਂ ਵਾਲਾ ਹੁੰਦਾ ਹੈ ਜਿਸਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਚਾਹ ਲਗਦੀ ਹੈ। ਚਾਹ ਲਗਣ ਨਾਲ ਹੀ ਦਰਸ਼ਨ ਹੁੰਦੇ ਹਨ।"
ਸਤਿਗੁਰੂ ਜੀ ਨੇ ਅਪਣੇ ਆਪ ਨੂੰ ਨ ਜਾਣਾਂਦਿਆਂ ਹੋਇਆਂ ਕਿਹਾ, "ਭਾਈ, ਜੇ ਤੈਨੂੰ ਗੁਰੂ ਨੂੰ ਮਿਲਣ ਦੀ ਚਾਹ ਹੈ ਤਾਂ ਲੁਧਿਆਣੇ ਤੋਂ ਚੜ੍ਹਦੇ ਪਾਸੇ ਨੌਂ (੯) ਕੋਹ ਤੇ ਇਕ ਪਿੰਡ ਭੈਣੀ ਹੈ, ਤੂੰ ਉੱਥੇ ਜਾ ਕੇ ਬਾਢੀ ਸੁਤ ਰਾਮ ਸਿੰਘ ਨੂੰ ਮਿਲ, ਉਹ ਹੀ ਐਸ ਸਮੇ ਦਾ ਗੁਰੂ ਹੈ।"

ਲੁਦਪੁਰ ਸੇ ਪੂਰਬ ਨੌ ਕੋਸ। ਬਾਢੀ ਸੁਤ ਜਾ ਮਿਲੋ ਤੂੰ ਤਿਸ।
ਰਾਮ ਸਿੰਘ ਹਈ ਤਾ ਕੋ ਨਾਮ। ਅਹੋ ਭਾਗ ਪਹੁਚੋ ਤਿਸ ਧਾਮ।

Sri Satguru Jagjit Singh Ji Elibrary NamdhariElibrary@gmail.com

Sri Bhaini Sahib



ਸ੍ਰੀ ਭੈਣੀ ਸਾਹਿਬ

ਪ੍ਰਕਾਸ਼ ਅਸਥਾਨ
ਸ੍ਰੀ ਸਤਿਗੁਰੂ
ਰਾਮ ਸਿੰਘ ਜੀ
(ਰਾਈਆਂ)





ਅਕਾਲ ਬੁੰਗਾ
ਤਪ ਅਸਥਾਨ
ਸ੍ਰੀ ਸਤਿਗੁਰੂ
ਰਾਮ ਸਿੰਘ ਜੀ

Sri Satguru Jagjit Singh Ji Elibrary Namdharielibrary@gmail.com

ਸ੍ਰੀ ਸਤਿਗੁਰੂ ਜੀ ਇੰਨਾ ਹੀ ਬਚਨ ਕਰ ਕੇ ਅੱਗੇ ਤੁਰ ਪਏ ਅਤੇ ਛਿਨ ਵਿਚ ਹੀ ਅਲੋਪ ਹੋ ਗਏ । ਭਾਈ ਜੀ ਨੇ ਬੜੀ ਭਾਲ ਕੀਤੀ ਪਰ ਫਿਰ ਦਰਸ਼ਨ ਨ ਹੋਇਆ । ਹੁਣ ਭਾਈ ਜੀ ਨੂੰ ਖਿਆਲ ਆਇਆ ਕਿ ਇਹੋ ਮੇਰੀ ਦਰਸ਼ਨ ਦੀ ਮੰਗ ਪੂਰੀ ਕਰਨ ਵਾਸਤੇ ਕੋਈ ਰੱਬੀ ਫਰਿਸ਼ਤਾ ਆਇਆ ਸੀ, ਝੁਰਨ ਲਗੇ " ਹਾਏ, ਇਹ ਤਾਂ ਸੁਪਨੇ ਵਤ ਦਰਸ਼ਨ ਦੇ ਕੇ ਚਲਾ ਗਿਆ ਹੈ "

**ਸੁਪਨੇ ਆਇਆ ਭੀ ਗਇਆ"**, ਹਾਏ । ਮੇਰੀਆਂ ਅੱਖਾਂ ਅਗੋਂ ਉਹ ਨੂਰਾਨੀ ਮੂਰਤੀ ਲੰਘ ਤਾਂ ਗਈ ਹੈ ਪਰ ਲੰਘਦਿਆਂ ਲੰਘਦਿਆਂ ਮੇਰੀ ਜਾਨ ਵੀ ਨਾਲ ਲੈ ਗਈ ਹੈ

**ਰਖਨ ਚਿਤੋਨ ਸੋ ਚੁਰਾਇ ਚਿਤ ਮੇਰੋ ਲੀਨੋ,**
**ਲਟਪਟੀ ਪਾਗ ਸੋ ਲਪੇਟ ਮਨੁ ਲੈ ਗਯੋ ।** (ਸ੍ਰੀ ਦਸਮ ਗ੍ਰੰਥ ਸਾਹਿਬ ਜੀ)

ਨੈਣਾਂ ਅਗੋਂ ਲੰਘ ਗਿਆ ਅੱਜ, ਇਸ ਕਮਲੀ ਦਾ ਮਾਹੀ ਨੀ ।
ਕੀ ਲੰਘਿਆ ਉਹ, ਨੈਣਾ ਰਾਹੀ, ਮਗਰੇ ਜਿੰਦ ਸਿਧਾਈ ਨੀ ।
ਇਕ ਇਸ਼ਾਰਾ ਕਰ ਪਲਕਾਂ ਦਾ, ਸਾਨੂੰ ਘਾਇਲ ਕੀਤਾ ਸੂ ।
ਛੁਟ ਗਿਆ ਜਦ ਤੀਰ ਕਮਾਨੋਂ, ਪੇਸ਼ ਨ ਜਾਂਦੀ ਕਾਈ ਨੀ । (ਪ੍ਰਿੰਸੀਪਾਲ ਗੰਗਾ ਸਿੰਘ ਜੀ)

ਭਾਵ ਜਦੋਂ ਦੇ ਸਤਿਗੁਰੂ ਜੀ, ਭਾਈ ਜੀ ਨੂੰ ਦਰਸ਼ਨ ਦੇ ਕੇ ਚਲੇ ਗਏ ਸਨ, ਭਾਈ ਜੀ ਫਿਰ ਦਰਸ਼ਨ ਨ ਲਈ ਤੜਫਣ ਲਗ ਪਏ ਸਨ । ਹੁਣ ਤਾਂ ਦਰਸ਼ਨ ਬਿਨਾਂ ਜੀਉਣਾ ਹੀ ਮੁਹਾਲ ਹੋ ਗਿਆ ਸੀ । ਇਸ ਤਰ੍ਹਾਂ ਤੜਫਦੇ ਸਨ ਜਿਵਾਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ ।

**ਰਾਮ ਬਿਓਗੀ ਨ ਜੀਐ, ਜੀਐ ਤਾ ਬਉਰਾ ਹੋਇ** (ਪੰਨਾ ੧੩੬੮)

ਹੁਣ ਭਾਈ ਜੀ ਦੇ ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ । ਚੰਗੇ ਭਾਗਾਂ ਕਰਕੇ ਉਸ ਹਨੇਰੇ ਵਿਚ ਭਾਈ ਜੀ ਨੂੰ ਰੋਸ਼ਨੀ ਦੀ ਕਿਰਨ ਦਿੱਸ ਪਈ । ਉਹ ਕਿਰਨ ਸੀ ਸਤਿਗੁਰੂ ਜੀ ਦਾ ਬਚਨ । ਸਤਿਗੁਰੂ ਜੀ ਦਾ ਬਚਨ ਸੀ ਕਿ ਲੁਧਿਆਣੇ ਤੋਂ ਚੜ੍ਹਦੇ ਪਾਸੇ ਨੌ ਕੋਹ ਤੇ ਇਕ ਪਿੰਡ ਭੈਣੀ ਹੈ, ਉੱਥੇ ਜਾ ਕੇ ਬਾਢੀ ਸੁਤ ਰਾਮ ਸਿੰਘ ਨੂੰ ਮਿਲ, ਉਹ ਹੀ ਐਸ ਸਮੇਂ ਦਾ ਮਾਲਕ ਹੈ ।" ਇਹ ਬਚਨ ਯਾਦ ਆਉਂਦਿਆਂ ਹੀ ਕੁਝ ਧਰਵਾਸ ਹੋਈ, ਪੜ੍ਹਾਈ ਵਿਚੇ ਹੀ ਛੱਡ ਕੇ ਸ੍ਰੀ ਭੈਣੀ ਸਾਹਿਬ ਵਲ ਨੂੰ ਤੁਰ ਪਏ, ਰਾਹ ਵਿਚ ਕਈ ਤਰ੍ਹਾਂ ਦੀਆਂ ਗਿਣਤੀਆਂ ਗਿਣਦੇ ਜਾ ਰਹੇ ਸਨ

ਚਲਿਆ ਗਿਣਦਾ ਗੱਟੀਆਂ
ਕਿਉਂ ਕਰ ਜਾਈਐ, ਕੌਣ ਮਿਲਾਏ ।

ਭਾਈ ਸਾਹਿਬ ਪੁੱਛਦੇ ਪੁੱਛਦੇ ਸ੍ਰੀ ਭੈਣੀ ਸਾਹਿਬ ਪਹੁੰਚ ਗਏ । ਜਦੋਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ

**"ਦਰਸਨ ਦੇਖਿ ਸੀਤਲ ਮਨ ਭਏ, ਜਨਮ ਜਨਮ ਕੇ ਕਿਲਬਿਖ ਗਏ ।**

ਦੋਂ ਭਾਈ ਜੀ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਸ ਸਰੀਰ ਵਿਚੋਂ ਭਗਵਾਨ ਦੇ ਪ੍ਰਤੱਖ ਦਰਸ਼ਨ ਹੋਏ, ਤੇਜ ਇੰਨਾ ਸੀ ਕਿ ਝੱਲਿਆ ਨਹੀਂ ਸੀ ਜਾਂਦਾ ਅਥਵਾ ਸੂਰਜ ਜੈਸਾ ਤੇਜ ਸੀ ।

ਦਰਸੇ ਗੁਰ ਮੂਰਤਿ ਭਗਵਾਨ, ਦਿਖੈ ਤੇਜ ਜਾ ਕੋ ਸਮ ਭਾਨ ॥

Sri Satguru Jagjit Singh Ji Elibrary NamdhariElibrary@gmail.com

ਹੁਣ ਭਾਈ ਜੀ ਸੋਚਣ ਲਗੇ ਕਿ

## ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ

ਅਨੁਸਾਰ ਤਾਂ ਸੱਚੇ ਸਤਿਗੁਰੂ ਜੀ ਇਹ ਹੀ ਹਨ । ਫਿਰ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ

## ਸਤਿਗੁਰ ਆਇਓ ਸਰਣਿ ਤੁਹਾਰੀ ॥
## ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥ (ਪੰਨਾ ੭੧੩

ਸਤਿਗੁਰੂ ਜੀ ਨੇ ਸ਼ੁੱਧ ਹਿਰਦਾ ਵੇਖਕੇ ਭਜਨ ਦੀ ਦਾਤ ਬਖਸ਼ੀ

## ਹਰਿ ਨਾਮੁ ਦੀਆ ਗੁਰਿ ਪਰਉਪਕਾਰੀ (ਪੰਨਾ ੫੮੨

ਭਜਨ ਲੈਂਦਿਆਂ ਸਾਰ ਮਨ ਦੀ ਭਟਕਣਾ ਦੂਰ ਹੋ ਗਈ, ਤਪਤ ਕੜਾਹਾ ਬੁਝ ਗਿਆ

## ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ (ਪੰਨਾ ੧੦੦੨)

ਹੁਣ ਭਾਈ ਜੀ ਨੇ ਡੇਰਾ ਹੀ ਸ੍ਰੀ ਭੈਣੀ ਸਾਹਿਬ ਲਾ ਲਇਆ । ਭਜਨ ਕਰਦੇ ਰਹਿੰਦੇ ਜਾਂ ਪਾਠ ਕਰਦੇ ਰਹਿੰਦੇ ਜਾਂ ਸੇਵਾ ਕਰਦੇ ਰਹਿੰਦੇ । ਉਨ੍ਹਾਂ ਦਿਨਾਂ ਵਿਚ ਸਤਿਗੁਰੂ ਜੀ ਦੇ ਕੋਲ ਬਾਰਾਂ (੧੨) ਸਿੱਖ ਹੋਰ ਸਨ ਅਤੇ ਤੇਰਵੇਂ ਸਿੱਖ ਭਾਈ ਰਾਇ ਸਿੰਘ ਜੀ ਸਨ ।

ਕੁਝ ਸਮੇਂ ਉਪਰੰਤ ਇਕ ਦਿਨ ਭਾਈ ਜੀ ਨਾਲ ਬਚਨ ਕਰਦਿਆਂ ਸਤਿਗੁਰੂ ਜੀ ਨੇ ਕਹਿਆ ਕਿ ਜਿਹੜੀ ਰਹਿਤ ਮਰਯਾਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਬਖਸ਼ੀ ਸੀ, ਓਹ ਤਾਂ ਇਕ ਕਿਸਮ ਦੀ ਅਲੋਪ ਹੀ ਹੋ ਗਈ ਹੈ । ਜਿਸ ਮਰਯਾਦਾ ਦੀ ਧਾਰਨੀ ਹੋਣ ਕਰਕੇ ਸਿੱਖ ਸੱਚੇ ਅਤੇ ਸੁੱਚੇ ਸਨ, ਸੂਰਬੀਰ ਅਤੇ ਪਰਉਪਕਾਰੀ ਸਨ, ਓਹ ਮਰਯਾਦਾ ਤਾਂ ਸਿੱਖ ਉੱਕਾ ਹੀ ਤਿਆਗ ਬੈਠੇ ਹਨ । ਜਿੱਥੇ ਪਹਿਲੇ ਸਿੱਖ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰ ਭਜਨ ਕਰਦੇ ਸਨ ਅਤੇ ਬਾਣੀ ਪੜ੍ਹਦੇ ਸਨ ਉੱਥੇ ਹੁਣ ਵਾਲੇ ਸਿੱਖ ਤਾਂ ਇਸਤਰ੍ਹਾਂ ਹੋ ਗਏ ਹਨ

ਜਪੁਜੀ ਨ ਰਹਿਰਾਸ, ਪਢੈ ਸੁਣੈ ਕਭੀ ਖਾਸ,
ਔਰ ਜੋ ਪਢਤ ਪਾਸ, ਹਾਸ ਤਿਨ ਸੋਂ ਕਰੈਂ ।
ਕਹਾਂ ਰਬ ਬਾਹਿਰਾ ਹੈ, ਗਹਿਰਾ ਪਕਾਰੇ ਜੋ ਤੈ

(ਗਿਆਨ ਗਿਆਨ ਸਿੰਘ ਜੀ)

ਭਾਈ ਹੁਣ ਤਾਂ ਸਿੱਖਾਂ ਵਿਚ ਖਾਣ ਪੀਣ ਦਾ ਕੋਈ ਪਰਹੇਜ਼ ਹੀ ਨਹੀਂ ਰਿਹਾ ਮਾਸ ਖਾਣ ਵਿਚ ਫਖਰ ਸਮਝਦੇ ਹਨ ਅਤੇ ਸ਼ਰਾਬ ਪੀ ਕੀ ਰੰਗ ਰਲੀਆਂ ਮਾਨਣ ਵਿਚ ਇੱਜ਼ਤ ਅਤੇ ਵਡਿਆਈ ਸਮਝਦੇ ਹਨ । ਪੰਜ ਕਕਾਰ ਵੀ ਤਿਆਗ ਬੈਠੇ ਹਨ । ਕੇਸਾਂ ਦੀ ਵੀ ਬੜੀ ਬੇਅਦਬੀ ਕਰਦੇ ਹਨ ।

ਭਾਈ ਸੱਚ ਤਾਂ ਇਹ ਹੈ ਕਿ

ਸਿਖੀ ਦਸਮੇਸ ਕੀ, ਸੁ ਕੀ ਅਪਰਦੇਸ ਕੀ,

ਅਤੇ ਹੁਣ ਅਸਿਖੀ ਪਰੀ ਪੇਸ਼ਗੀ

ਜਿਵੇਂ ਛਿਨ'ਰ ਬਨ ਠਨ ਕੇ (ਗਿਆਨੀ ਗਿਆਨ ਸਿੰਘ ਜੀ)

ਭਾਈ ਇਹ ਸਮਾਂ ਜਿਹੜਾ ਜਾ ਰਿਹਾ ਹੈ, ਇਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਪਹਿਲਾਂ ਹੀ ਕਹਿ ਗਏ ਹਨ ਕਿ ਇਕ ਸਮਾਂ ਐਸਾ ਆਵੇਗਾ ਕਿ

ਸਿੱਖ ਬਚਨ ਪਾਲ ਨਹੀਂ ਸਕਣਗੇ

(ਇਸ ਲਈ) ਬਹੁਤ ਖਾਣਗੇ ਗਮ

ਭਾਈ ਹੁਣ ਇਹ ਹੀ ਸਮਾਂ ਜਾ ਰਿਹਾ ਹੈ ਅਤੇ ਅਗੋਂ ਵਾਸਤੇ ਸ੍ਰੀ ਗੁਰੂ ਜੀ ਕਹਿ ਗਏ ਹਨ ਕਿ

ਮੈਂ ਫੇਰ ਕਰੂੰਗਾ ਖਾਲਸਾ ਵੱਸੈ ਵਿਚ ਪੰਜਾਬ

ਅਤੇ

ਪੰਥ ਖਾਲਸਾ ਖੇਤੀ ਮੇਰੀ।

ਕਰਹੋਂ ਸੰਭਾਲਨ ਮੈਂ ਤਿਸ ਬੇਰੀ।

ਭਾਈ, ਉਹ ਸਮਾਂ ਹੁਣ ਆ ਗਿਆ ਹੈ, ਅਸੀਂ ਚਾਹੁੰਦੇ ਹਾਂ ਕਿ ਸਿੱਖਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਹੋਈ ਰਹਿਤ ਮਰਯਾਦਾ ਪ੍ਰਚਲਤ ਕੀਤੀ ਜਾਏ। ਉਹ ਮਰਯਾਦਾ ਸਾਨੂੰ ਪੰਜਾਬ ਵਿਚੋਂ ਤਾਂ ਕਿਤੋਂ ਵੀ ਨਹੀਂ ਮਿਲੀ। ਇੱਥੇ ਤਾਂ ਮਨਮਤੀਆਂ ਨੇ ਅਪਣੀ ਹੀ ਰਹਿਤ ਪਰਚਲਤ ਕਰ ਰਖੀ ਹੈ। ਮੇਰੇ ਖਿਆਲ ਵਿਚ ਗੁਰੂ ਜੀ ਦੀ ਰਹਿਤ ਮਰਯਾਦਾ ਸ੍ਰੀ ਹਜ਼ੂਰ ਸਾਹਿਬ ਜ਼ਰੂਰ ਹੋਵੇਗੀ। ਸੋ ਤੁਸੀਂ ਉੱਦਮ ਕਰੋ ਅਤੇ ਸ੍ਰੀ ਹਜ਼ੂਰ ਸਾਹਿਬ ਜਾ ਕੇ ਸਾਰੀ ਮਰਯਾਦਾ ਲਿਖ ਕੇ ਲਿਆਓ।

ਇਹ ਸੁਣਦਿਆਂ ਸਾਰ ਹੀ ਭਾਈ ਜੀ ਨੇ ਦੋਵੇ ਹੱਥ ਜੋੜ ਕੇ 'ਸਤਿ ਬਚਨ' ਕਹਿਆ

ਫਿਰ ਸਤਿਗੁਰੂ ਜੀ ਭਾਈ ਜੀ ਨੂੰ ਸਮਝਾਇਆ ਕਿ ਤੁਸੀਂ ਉੱਥੇ ਕੁਝ ਦਿਨ ਰਹਿ ਕੇ ਵੇਖਣਾ ਕਿ ਸਿੱਖ ਕਿਸ ਤਰ੍ਹਾਂ ਇਸ਼ਨਾਨ ਪਾਣੀ ਕਰਦੇ ਹਨ? ਕਿੰਨਾ ਨਿੱਤ ਨੇਮ ਕਰਦੇ ਹਨ? ਕਿਹੜੀ ਕਿਹੜੀ ਬਾਣੀ ਪੜ੍ਹਦੇ ਹਨ? ਲੰਗਰ ਕਿਸ ਤਰ੍ਹਾਂ ਹੁੰਦਾ ਹੈ, ਗੁਰਪੁਰਬ ਕਿਸ ਤਰ੍ਹਾਂ ਮਨਾਉਂਦੇ ਹਨ। ਜਲੂਸ ਕਿਸ ਤਰ੍ਹਾਂ ਕੱਢਦੇ ਹਨ? ਹੋਰ ਜਿਹੜੀ ਮਰਯਾਦਾ ਉੱਥੋਂ ਦੀ ਹੋਵੇ ਸਾਰੀ ਲਿਖ ਕੇ ਲਿਆਉਣੀ।

ਹੋਰ ਜਿੰਨੇ ਦਿਨ ਵੀ ਉਥੇ ਰਵ੍ਹੋ, ਰੋਜ਼ ਕਥਾ ਕਰਨੀ, ਕਿਸੇ ਕਿਸਮ ਦਾ ਲੋਭ ਨਹੀਂ ਕਰਨਾ। ਜੋ ਕੋਈ ਕਥਾ ਭੇਟ ਹੋਵੇ, ਸਾਰੀ ਉਥੇ ਮੱਥਾ ਟੇਕ ਆਉਣੀ। ਭਾਈ ਇਕ ਗੱਲ ਹੋਰ ਵੀ ਯਾਦ ਰਖਣੀ ਕਿ ਉਥੋਂ ਦੇ ਵ੍ਹਸਨੀਕਾਂ ਦੇ ਕਹੇ ਕਹਾਏ ਉੱਥੇ ਸ਼ਾਦੀ ਨਹੀਂ ਕਰਵਾਉਣੀ। ਜੜ੍ਹ ਮਾਇਆ ਅਤੇ ਚੇਤੰਨ ਮਾਇਆ ਤੋਂ ਬਚ ਕੇ ਰਹਿਣਾ।

ਅਰਦਾਸ ਕਰਕੇ ਜਦੋਂ ਭਾਈ ਜੀ ਟੁਰਨ ਲਗੇ ਤਾਂ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ :—

## ਪੋ ਪੈ ਕ੍ਰਿਪਾ ਦ੍ਰਿਸ਼ਟ ਪ੍ਰਭ ਕਰੀਏ, ਦੀਨ ਦਾਸ ਕੇ ਸਿਰ ਕਰ ਧਰੀਏ

ਸਤਿਗੁਰੂ ਜੀ ਨੇ ਭਾਈ ਜੀ ਦਾ ਹੌਸਲਾ ਵਧਾਉਣ ਵਾਸਤੇ ਭਾਈ ਜੀ ਦੇ ਸਿਰ ਤੇ ਹੱਥ ਧਰਿਆ

## ਸਮਰਥ ਗੁਰੁ ਸਿਰਿ ਹਥੁ ਧਰੵਉ

(ਪੰਨਾ ੧੪੦੦)

ਅਤੇ ਅਸ਼ੀਰਵਾਦ ਦੇਂਦਿਆਂ ਇਹ ਪੱਕੀ ਕੀਤੀ ਕਿ ਉਥੇ ਵਿਆਹ ਨਹੀਂ ਕਰਵਾਉਣਾ ਅਤੇ ਨਾ ਹੀ ਕੋਈ ਭੇਟਾ ਲੈਣੀ, ਕਿਸੇ ਕਿਸਮ ਦੀ ਚਿੰਤਾ ਨਹੀਂ ਕਰਨੀ, ਸਤਿਗੁਰੂ ਤੇਰੇ ਅੰਗ ਸੰਗ ਹੋਣ ਗੇ "

### ਜਹ ਗੁਰੂ ਰਖਵਾਲੇ ਤੇਰੇ"

ਪਰ ਇਹ ਯਾਦ ਜ਼ਰੂਰ ਰਖਣਾ

### "ਅੰਤਰਿ ਨ ਭੂਲੋ ਬੋਹ ਮੇਰੇ"

ਸ੍ਰੀ ਸਤਿਗੁਰੂ ਜੀ ਨੂੰ ਸੀਸ ਨਿਵਾ ਕੇ ਨਮਸਕਾਰ ਕਰ ਕੇ ਭਾਈ ਜੀ ਤੁਰ ਪਏ । ਇਕ ਤਾਂ ਭਾਈ ਜੀ ਦੇ ਮਨ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦਵਾਰੇ ਦੇ ਦਰਸ਼ਨ ਕਰਨ ਦਾ ਚਾਅ ਸੀ, ਦੂਜਾ ਸਤਿਗੁਰੂ ਜੀ ਦਾ ਮਿਹਰ ਭਰਿਆ ਹੱਥ ਸਿਰ ਤੇ ਸੀ ਅਤੇ ਤੀਜਾ ਨਾਮ ਜਪਦੇ ਅਤੇ ਬਾਣੀ ਪੜ੍ਹਦੇ ਜਾ ਰਹੇ ਸਨ । ਬੜੀ ਆਸਾਨੀ ਨਾਲ ਜਾ ਰਹੇ ਸਨ । ਕੋਈ ਡਰ ਜਾਂ ਕੋਈ ਤਕਲੀਫ ਨਹੀਂ ਸੀ । ਜਦੋਂ ਕੁਝ ਕੁ ਗਏ ਤਾਂ ਨਦੇੜ ਪਾਸੇ ਜਾਣ ਵਾਲਾ ਇਕ ਆਦਮੀ ਮਿਲ ਗਿਆ । ਇਕੱਠੇ ਸਫਰ ਕਰਨ ਲਗ ਪਏ । ਗਲਾਂ ਬਾਤਾਂ ਕਰਨ ਤੋਂ ਭਾਈ ਜੀ ਜਾਣ ਲਿਆ ਕਿ ਇਹ ਸਤਸੰਗੀ ਨਹੀਂ ਹੈ, ਪਰ ਸਾਥ ਬਣੇ ਹੋਇ ਕਰਕੇ ਉਸ ਦੇ ਨਾਲ ਤੁਰੀ ਜਾ ਰਹੇ ਸਨ ।

ਜਦੋਂ ਭਾਈ ਜੀ, ਸ੍ਰੀ ਭੈਣੀ ਸਾਹਿਬ ਤੋਂ ਤਕਰੀਬਨ ੮੦੦ ਕੋਹ ਚਲ ਚੁਕੇ ਸਨ ਤਾਂ ਅਗੇ ਰਾਹ ਵਿਚ ਜੰਗਲ ਸੀ । ਭਾਈ ਜੀ ਡਰੇ ਨਹੀਂ ਸਨ ਅਤੇ ਸਾਥੀ ਨਾਲ ਸਫਰ ਕਰੀ ਜਾ ਰਹੇ ਸਨ । ਰਾਹ ਵਿਚ ਇਨ੍ਹਾਂ ਨੂੰ ਇਕ ਹੋਰ ਆਦਮੀ ਮਿਲਿਆ । ਉਹ ਉਸ ਜੰਗਲੀ ਰਾਹ ਬਾਰੇ ਕੁਝ ਜਾਣਦਾ ਸੀ । ਉਹਨੇ ਇਨ੍ਹਾਂ ਨੂੰ ਕਹਿਆ ਕਿ ਇਸ ਜੰਗਲ ਵਿੱਚ ਬੜਾ ਭਾਰੀ ਸ਼ੇਰ ਹੈ, ਮੈਂ ਤੁਹਾਨੂੰ ਤੁਹਾਡੇ ਭਲੇ ਵਾਸਤੇ ਕਹਿੰਦਾ ਹਾਂ ਕਿ ਰਾਤ ਪੈਣ ਲਗੀ ਹੈ, ਤੁਸੀਂ ਛੇਤੀ ਛੇਤੀ ਕਿਸੇ ਚੌਂਕੀ ਵਿਚ ਪਹੁੰਚ ਜਾਓ । ਰਾਤ ਕਿਸੇ ਚੌਂਕੀ ਵਿਚ ਕੱਟਣੀ ਚੌਂਕੀ ਤੋਂ ਬਾਹਰ ਨਹੀਂ ਸੌਣਾ

ਜੰਗਲ ਰਾਹਿ ਮਾਹਿ ਤਹਿ ਆਯੋ ॥ ਕੋਈ ਮਿਲਾ, ਤਿਨ ਇਨੈ ਸੁਨਾਇਓ ॥
ਇਸ ਬਨ ਮੈਂ ਹੈ ਕੇਹਰ ਭਾਰੀ ॥ ਗੋਰੇ ਤਾਂਹਿ ਕਰੇਂ ਰਖਵਾਰੀ ॥
ਆਈ ਤੁਮ ਕੋ ਰਾਤ ਨਜੀਕੇ ॥ ਚੌਂਕੀ ਪਰ ਰਹਿਨਾ ਤੁਮ ਨੀਕੇ ॥

ਇਸ ਆਦਮੀ ਦੀ ਗੱਲ ਸੁਣਕੇ ਭਾਈ ਜੀ ਸਾਥੀ ਨੂੰ ਕਿਹਾ ਕਿ ਸਾਨੂੰ ਠੀਕ ਰਾਤ ਕਿਸੇ ਚੌਂਕੀ ਵਿਚ ਕੱਟਣੀ ਚਾਹੀਦੀ ਹੈ । ਉਥੇ ਸੌਣ ਨੂੰ ਥਾਂ ਮਿਲ ਜਾਵਗੀ ਅਤੇ ਨਾਲੇ ਜਾਨਵਰਾਂ

ਦੇ ਖਤਰੇ ਤੋਂ ਬਚੇ ਰਹਾਂਗੇ ਨਹੀਂ ਤਾਂ ਸਾਰੀ ਰਾਤ ਡਰ ਨਾਲ
ਕੰਬਦੇ ਹੀ ਰਹਾਂਗੇ। ਸਾਰੀ ਰਾਤ ਇਹ ਹੀ ਡਰ ਰਹੇਗਾ, ਕਿ

ਸੋਇ ਪਰੇ ਨੈ ਹੈ ਮਤ ਖਾਇ।

ਇਹ ਸੁਣਦਿਆਂ ਸਾਰ ਹੀ ਉਹ ਸਾਥੀ ਕਹਿਣ ਲੱਗਾ, ਓਇ ਰਾਇ ਸਿੰਘਾ
ਤੇਰਾ ਨਾਉ ਤਾਂ ਸਿੰਘ ਹੈ ਪਰ ਤੇਰੇ ਵਿਚ ਤਾਂ ਇਕ ਚੀਟੀ ਜਿੰਨਾ ਬਲ ਵੀ ਨਹੀਂ
ਜਾਪਦਾ। ਤੂੰ ਸ਼ੇਰ ਦਾ ਮੁਕਾਬਲਾ ਕੀ ਕਰਨਾ ਹੈ, ਤੂੰ ਤਾਂ ਸ਼ੇਰ ਦਾ ਨਾਂ ਹੀ ਸੁਣ
ਕੇ ਡਰ ਗਿਆ ਹਾਂ। ਮੈਂ ਸੁਣਦਾ ਤਾਂ ਹੁੰਦਾ ਸਾਂ ਕਿ

"ਕਛਾਂ ਵਾਲੇ ਹੋਣ ਡਰਾਕਲ" ਪਰ ਮੈਂ
ਯਕੀਨ ਨਹੀਂ ਸਾਂ ਕਰਦਾ ਪਰ ਅੱਜ ਤੇਰੀਆਂ ਗੱਲਾਂ ਸੁਣ ਕੇ ਨਿਸਚਾ ਹੋ ਗਿਆ
ਹੈ ਕਿ ਠੀਕ ਕਛਾਂ ਵਾਲੇ ਡਰਾਕੁਲ ਹੀ ਹੁੰਦੇ ਹਨ। ਤੂੰ ਹੌਸਲਾ ਰਖ, ਇੰਨਾ ਕਿਉਂ
ਡਰਦਾ ਹੈ? ਮੈਂ ਵੀ ਤਾਂ ਤੇਰੇ ਨਾਲ ਹੈ ਹੀ ਹਾਂ। ਤੂੰ ਤਾਂ ਗੁਰੂ ਗੋਬਿੰਦ ਸਿੰਘ ਦਾ
ਸਿੱਖ ਹੈਂ ਕੱਛ ਵੀ ਪਾਈ ਹੋਈ ਹੈ ਫਿਰ ਕਿਉਂ ਡਰਦਾ ਹੈ?

ਭਾਈ ਰਾਇ ਸਿੰਘ ਜੀ ਸਾਥੀ ਦੇ ਬਚਨ ਸੁਣ ਕੇ ਚੁੱਪ ਹੀ ਹੋ ਗਏ
ਦਿਲ ਵਿਚ ਸੋਚਣ ਲਗੇ ਕਿ ਭਗਤ ਕਬੀਰ ਜੀ ਨੇ ਠੀਕ ਹੀ ਲਿਖਿਆ ਹੈ ਕਿ

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥** (ਪੰਨਾ ੧੩੭੧)

ਹੁਣ ਤਾਂ "ਮੂਰਖ ਨਾਲ ਚੰਗੇਰੀ ਚੁਪ" (ਭਾਈ ਗੁਰਦਾਸ ਜੀ)

ਤੁਰਦਿਆਂ ਤੁਰਦਿਆਂ ਰਾਤ ਪੈ ਗਈ, ਹਨੇਰਾ ਹੋ ਗਿਆ ਅਤੇ ਦੋਵੇਂ
ਜੰਗਲ ਵਿਚ ਚੌਂਕੀ ਤੋਂ ਕਿਤੇ ਬਾਹਰ ਹੀ ਸੌਂ ਗਏ। ਸੁੱਤਿਆਂ ਨੂੰ ਹਲੀ ਇਕ ਪਹਿਰ
ਹੀ ਹੋਇਆ ਸੀ ਕਿ ਇਕ ਭਿਆਨਕ ਸ਼ੇਰ ਉਸ ਪਾਸੇ ਵੱਲ ਆ ਨਿਕਲਿਆ
ਇਸ ਸ਼ੇਰ ਨੇ ਆਉਂਦਿਆਂ ਸਾਰ ਹੀ ਕੁਸੰਗੀ ਸਾਥੀ ਦੀ ਗਰਦਨ ਫੜ ਲਈ ਅਤੇ
ਮਾਰ ਦਿੱਤਾ ਅਤੇ ਉਸਦਾ ਮਾਸ ਖਾਣ ਲਗ ਪਿਆ। ਨੇੜੇ ਹੀ ਲੇਟੇ ਹੋਇ
ਭਾਈ ਰਾਇ ਸਿੰਘ ਜੀ ਇਹ ਸਭ ਕਿਛ ਵੇਖ ਰਹੇ ਸਨ ਅਤੇ ਮਨ ਵਿਚ ਡਰ ਰਹੇ ਸਨ
ਕਿ ਸ਼ੇਰ ਸ਼ਾਇਦ ਮੇਰਾ ਵੀ ਇਹੀ ਹਾਲ ਕਰੇਗਾ। ਹੁਣ ਭਾਈ ਜੀ ਨਾ ਤਾਂ ਭਜ
ਕੇ ਕਿਤੇ ਜਾ ਸਕਦੇ ਸਨ ਅਤੇ ਨਾ ਹੀ ਲੁਕ ਸਕਦੇ ਸਨ, ਮਨ ਵਿਚ ਡਰ ਸੀ
ਕਿ ਜਰਾ ਵੀ ਹਿਲਿਆ ਤਾਂ ਜਾਨ ਦੀ ਖੈਰ ਨਹੀਂ। ਖਿਆਲ ਆਇਆ
ਕਿ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ ਕਿ

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

# ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ

ਪੰਨਾ ੫੨੪

ਅਥਵਾ

## ਦਾਸ ਅਪਨੇ ਕੀ ਪੀਰ ਨ ਦੇਖੈ ।

ਸ੍ਰੀ ਕ੍ਰਿਸ਼ਨ ਭਗਵਾਨ ਜੀ ਨੇ ਕਿਹਾ ਸੀ :-

**ਜਹਿ ਜਹਿ ਭੀੜ ਬਣੇ ਭਗਤਨ ਕੋ, ਤਹਾਂ ਤਹਾਂ ਉਠਿ ਧਾਉ ।**

ਭਾਵ ਕਿ ਜਿੱਥੇ ਜਿੱਥੇ ਵੀ ਸੰਕਟ ਸਮੇਂ ਕਿਸੇ ਵੀ ਭਗਤ ਨੇ ਭਗਵਾਨ ਨੂੰ ਯਾਦ ਕੀਤਾ ਉੱਥੇ ਉੱਥੇ ਹੀ ਭਗਵਾਨ ਨੇ ਤਤਕਾਲ ਪਹੁੰਚ ਕੇ ਅਪਣੇ ਭਗਤ ਦੀ ਰਖਿਆ ਕੀਤੀ

**ਸੰਕਟ ਸਿੰਘਨ ਕੋ ਸਹਿ ਨਾਹੀ, ਹੋਇ ਸਹਾਇਕ ਨਿਜ ਬਲ ਬਾਹੀ,**

ਭਾਈ ਜੀ ਭਾਵੇਂ ਪਹਿਲਾਂ ਹੀ ਭਜਨ ਕਰ ਰਹੇ ਸਨ, ਪਰ ਹੁਣ ਮੌਤ ਰੂਪੀ ਸ਼ੇਰ ਨੂੰ ਵੇਖਦਿਆਂ ਹੋਇਆਂ ਬਹੁਤ ਡਰ ਰਹੇ ਸਨ । ਬੜੇ ਦੀਨ ਹੋ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਯਾਦ ਕੀਤਾ ਅਤੇ ਕੁਝ ਇਸ ਤਰ੍ਹਾਂ ਅਰਦਾਸ ਕੀਤੀ :-

**ਗੁਰੂ ਰਾਮ ਸਿੰਘ ਬਿਰਦ ਸਮ੍ਹਾਰੋ, ਅਉਗੁਣ ਮੇਰੇ ਰਿਦੇ ਨ ਧਾਰੋ,**

**ਸਿੰਘਹਿ ਤੇ ਨਿਜ ਸਿੰਘ ਬਚਾਵੋ, ਸ੍ਰੀ ਅਬਿਚਲ ਨਗਰੀ ਪਹੁੰਚਾਵੋ,**

ਸਤਿਗੁਰੂ ਜੀ ਲਿਖਦੇ ਹਨ **ਅਪੁਨੇ ਸੇਵਕ ਕੀ ਆਪੈ ਰਾਖੈ**

**ਆਪੇ ਨਾਮੁ ਜਪਾਵੈ ॥**

**ਜਹ ਜਹ ਕਾਜ ਕਿਰਤਿ ਸੇਵਕ ਕੀ, ਤਹਾ ਤਹਾ ਉਠਿ ਧਾਵੈ ॥**

(ਪੰਨਾ ੪੦੩)

ਇਸੇ ਅਪਣੀ ਪ੍ਰਤਿੱਗਿਆ ਅਨੁਸਾਰ ਭਗਵਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਚੀਨੀ ਘੋੜੀ ਤੇ ਸਵਾਰ ਹੋ ਕੇ ਤਤਕਾਲ ਅਪਣੇ ਸੇਵਕ ਕੋਲ ਪਹੁੰਚ ਕੇ ਦੁਹਾਂ ਸਿੰਘਾਂ ਦੇ ਵਿਚਾਲੇ ਘੋੜੀ ਖੜੀ ਕਰ ਦਿੱਤੀ । ਭਾਵ ਸ਼ੇਰ (ਸਿੰਘ) ਅਤੇ ਭਾਈ ਗਣ ਸਿੰਘ (ਸਿੰਘ) ਦੇ ਵਿਚਾਲੇ ਘੋੜੀ ਖੜੀ ਕਰ ਦਿੱਤੀ । ਹਨੇਰੇ ਵਿਚ ਪ੍ਰਕਾਸ਼ ਹੁੰਦਿਆਂ ਸਾਰ ਭਾਈ ਜੀ ਨੂੰ ਚੀਨੀ ਘੋੜੀ ਤੇ ਸਵਾਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹੋਏ ਸਾਰੇ ਡਰ ਦੂਰ ਹੋ ਗਏ

**ਦਰਸਨੁ ਦੇਖਿ ਸਗਲ ਦੁਖ ਨਾਸਹਿ ॥**

ਭਾਈ ਜੀ ਝਟ ਉਠਕੇ ਸਤਿਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਏ

## ਦੌਰ ਤਬੈ ਪਗ ਪਰ ਲਪਟਾਯਾ

ਡਰ ਨਾਲ ਸਹਿਮੇ ਹੋਏ ਭਾਈ ਜੀ ਦੇ ਸਿਰ ਤੇ ਹੱਥ ਧਰਦਿਆਂ ਸ੍ਰੀ ਸਤਿਗੁਰੂ ਜੀ ਨੇ ਕਹਿਆ, "ਭਾਈ, ਤੂੰ ਇੰਨਾ ਕਿਉਂ ਡਰਦਾ ਹੈਂ, ਫਿਕਰ ਨ ਕਰ, ਤੇਰੇ ਗੁਰੂ ਰਾਖੇ ਹਨ।"

ਭਾਈ ਜੀ ਨੇ ਬੜੀ ਹਲੀਮੀ ਸਹਿਤ ਬੇਨਤੀ ਕੀਤੀ, ਤੁਸੀਂ ਤਾਂ

## "ਘਟ ਘਟ ਕੇ ਅੰਤਰ ਕੀ ਜਾਨਤ" ਵਾਲੇ ਹੋ

ਤੁਹਾਥੋਂ ਕੀ ਛੁਪਿਆ ਹੈ? ਮੈਂ ਮੂੜ੍ਹ ਆਪ ਜੀ ਦੀ ਗਤਿ ਮਿਤਿ ਕਿਵੇਂ ਜਾਣ ਸਕਦਾ ਹਾਂ? ਸੱਚੇ ਪਾਤਸ਼ਾਹ ਜੀ, ਤੁਸੀਂ ਜਾਣਦੇ ਹੀ ਹੋ ਕਿ ਜਾਨ ਸਭ ਨੂੰ ਪਿਆਰੀ ਹੁੰਦੀ ਹੈ। ਮੈਂ ਤਾਂ ਇਸ ਭਿਆਨਕ ਸ਼ੇਰ ਨੂੰ ਵੇਖਕੇ ਅਪਣੇ ਬਚਣ ਦੀ ਆਸ ਹੀ ਛਡ ਬੈਠਾ ਸਾਂ। ਧੰਨ ਤੁਸੀਂ ਹੋ ਜਿਨ੍ਹਾਂ ਆਪਣੇ ਬਿਰਦ ਦੀ ਲਾਜ ਰਖਣ ਹਿਤ ਅਥਵਾ ਮੈਨੂੰ ਬਚਾਉਣ ਵਾਸਤੇ ਪਤਾ ਨਹੀ ਕਿੰਨੀ ਦੂਰੋਂ ਆਕੇ ਇਸ ਅਲਪਗ ਜੀਵ ਨੂੰ ਦਰਸ਼ਨ ਦਿੱਤੇ ਹਨ। ਤੁਸਾਂ ਤਾਂ ਗੁਰਬਾਣੀ ਦੀ ਇਸ ਤੁਕ ਨੂੰ ਪ੍ਰਤੱਖ ਕਰਕੇ ਵਿਖਾ ਦਿੱਤਾ ਹੈ

## ਮਿਰਤਕ ਕਉ ਪਾਇਓ ਤਨਿ ਸਾਸਾ ॥ (ਪੰਨਾ ੬੨੫

ਸ੍ਰੀ ਸਤਿਗੁਰੂ ਜੀ ਨੇ ਭਾਈ ਨੂੰ ਧੀਰਜ ਦੇਂਦਿਆਂ ਕਿਹਾ ਭਾਈ

## "ਜਾ ਕੋ ਰਾਖੇ ਸਾਂਵਰਾ ਮਾਰ ਨ ਸਾਕੈ ਕੋਇ"

ਇਕ ਸ਼ੇਰ ਕੀ ਉਥੇ ਤਾਂ

## ਬਾਲ ਨਾ ਬਾਂਕਾ ਕਰ ਸਕੈ

ਭਾਵੇਂ

## ਸਭ ਜਗ ਵੈਰੀ ਹੋਇ।

ਤੂੰ ਇਹ ਸਦਾ ਯਾਦ ਰਖ :-

## ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ

ਭਾਈ, ਤੇਰਾ ਭਰਮ ਦੂਰ ਕਰਨ ਵਾਸਤੇ ਤੈਨੂੰ ਦੱਸਦਾ ਹਾਂ ਕੇ 'ਬਦਲਾ ਲੈਣ ਦੇਣਾ' ਪੈਂਦਾ ਹੈ। ਉਸ ਤੇਰੇ ਸਾਥੀ ਨੇ ਪਿਛਲੇ ਜਨਮ ਵਿਚ ਸ਼ੇਰ ਦੇ ਪਿਛਲੇ ਜਨਮ ਵਿਚ ਇਸ ਨੂੰ ਮਾਰਿਆ ਸੀ, ਹੁਣ ਇਸ ਜਨਮ ਵਿਚ ਸ਼ੇਰ ਨੇ ਉਹਨੂੰ ਮਾਰ ਦਿੱਤਾ ਹੈ। ਤੇਰੀ ਜਾਣਕਾਰੀ ਵਾਸਤੇ ਤੈਨੂੰ ਦਸਦਾ ਹਾਂ ਕਿ ਤੂੰ ਨਾ ਤਾਂ ਕੋਈ ਇਸ ਦਾ ਦੇਣਾ ਹੈ ਅਤੇ ਨਾ ਹੀ ਕੋਈ ਲੈਣਾ ਹੈ।

ਭਾਈ, ਤੂੰ ਮੇਰੇ ਦੇਖਦਿਆਂ ਜਿੱਥੇ ਚੌਂਕੀ ਹੈ, ਉੱਥੇ ਪਹੁੰਚ ਜਾ। ਤੂੰ ਨਿਡਰ ਹੋ ਕੇ ਜਲਦੀ ਜਲਦੀ ਚਲਿਆ ਜਾਹ। ਮੈਂ ਇੱਥੇ ਹੀ ਖੜ੍ਹਾ ਹਾਂ।

ਸਤਿਗੁਰੂ ਜੀ ਨੂੰ ਮੱਥਾ ਟੇਕ ਕੇ, ਭਾਈ ਜੀ ਅਪਣਾ ਬੁਰਕਾ ਅਤੇ ਗੜਵਾ ਚੁੱਕ ਕੇ ਟੁਰ ਪਏ, ਜਦੋਂ ਨੇੜੇ ਵਾਲੀ ਚੌਕੀ ਦੇ ਕੋਲ ਪਹੁੰਚੇ, ਬੜਾ ਭਾਰੀ ਭੂੰਚਾਲ ਆਇਆ ਅਤੇ ਧਰਤੀ ਬੜੀ ਕੰਬੀ। ਚੌਕੀ ਵਾਲਾ ਸਿਪਾਹੀ ਭਾਈ ਜੀ ਨੂੰ ਵੇਖਕੇ ਬੜਾ ਹੈਰਾਨ ਹੋਇਆ। ਉਸਨੇ ਭਾਈ ਜੀ ਨੂੰ ਪੁੱਛਿਆ ਕਿ ਇੰਨੇ ਭਿਆਨਕ ਜੰਗਲ ਵਿਚ ਰਾਤ ਸਮੇਂ ਕਿੱਥੇ ਫਿਰ ਰਿਹਾ ਹੈਂ? ਕੀ ਤੈਨੂੰ ਪਤਾ ਨਹੀਂ ਕਿ ਇਸ ਜੰਗਲ ਵਿਚ ਭਾਰੀ ਸ਼ੇਰ ਹੈ? ਕੀ ਤੈਨੂੰ ਡਰ ਨਹੀਂ ਲਗਦਾ? ਕੀ ਤੈਨੂੰ ਅਪਣੀ ਜਾਨ ਦੀ ਲੋੜ ਨਹੀਂ? ਫਿਰ ਤੇਰੇ ਕੋਲ ਨ ਬੰਦੂਕ ਹੈ ਅਤੇ ਨ ਹੋਰ ਕੋਈ ਹਥਿਆਰ ਹੈ।"

ਭਾਈ ਜੀ ਨੇ ਘਾਬਰੇ ਹੋਏ ਨੇ ਸਾਥੀ ਦੀ ਮੌਤ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਪ੍ਰਤੱਖ ਦਰਸ਼ਨ ਦੇ ਕੇ ਭਾਈ ਜੀ ਨੂੰ ਸ਼ੇਰ ਕੋਲੋਂ ਬਚਾਉਣ ਦੀ ਸਾਰੀ ਵਾਰਤਾ ਸੁਣਾਈ। ਸਿਪਾਹੀ ਹੋਰ ਵੀ ਹੈਰਾਨ ਹੋਇਆ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨੇ ਚਾਹੇ ਪਰ ਸਤਿਗੁਰੂ ਜੀ ਤਾਂ ਭਾਈ ਜੀ ਦੇ ਚੌਕੀ ਤੇ ਪੁਜਣ ਸਾਰ ਹੀ ਅਲੋਪ ਹੋ ਗਏ ਸਨ। ਹੁਣ ਭਾਈ ਜੀ ਨੇ ਬਾਕੀ ਦੀ ਰਾਤ ਚੌਕੀ ਅੰਦਰ ਗੁਜ਼ਾਰੀ।

ਸਤਿਗੁਰੂ ਜੀ ਕਿਸ ਤਰ੍ਹਾਂ ਆਏ ਅਤੇ ਕਿਸ ਤਰ੍ਹਾਂ ਵਾਪਸ ਗਏ, ਕਿਸੇ ਨੂੰ ਕੋਈ ਪਤਾ ਨਹੀਂ। ਹਾਂ, ਬਹਾਨਾ ਚੀਨੀ ਘੋੜੀ ਦਾ ਜਰੂਰ ਸੀ

**ਕਰਤੇ ਕੀ ਮਿਤਿ ਨ ਜਾਨੈ ਕੀਆ।**

ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਾਪਸ ਪਹੁੰਚ ਕੇ ਸਭ ਤੇ ਮਾਇਆ ਪਾ ਦਿੱਤੀ ਅਤੇ ਅਪਣੇ ਪਲੰਘ ਉੱਤੇ ਜਾ ਬਿਰਾਜਮਾਨ ਹੋਏ। ਰਾਤ ਦਾ ਸਮਾਂ ਸੀ। ਘੋੜੀ ਅਪਣੇ ਥਾਂ ਤੇ ਖੜੀ ਤਾਂ ਸੀ ਪਰ ਬੜੀ ਹਫ ਰਹੀ ਸੀ। ਮੁੜ੍ਹਕੇ ਦਾ ਪਾਣੀ ਇੰਨਾ ਚੋਹ ਰਿਹਾ ਸੀ ਜਿਵੇਂ ਕਿਸੇ ਨੇ ਇਸ ਨੂੰ ਹੁਣੇ ਹੀ ਨਹਾਇਆ ਹੋਵੇ। ਕਈ ਸੇਵਾਦਾਰ ਸ਼ਾਇਦ ਜਾਗਦੇ ਸਨ ਜਾਂ ਅਚਾਨਕ ਹੀ ਉਨ੍ਹਾਂ ਨੂੰ ਜਾਗ ਆ ਗਈ ਸੀ। ਉਨ੍ਹਾਂ ਦਾ ਧਿਆਨ ਚੀਨੀ ਘੋੜੀ ਤੇ ਜਾ ਪਿਆ। ਕੀ ਵੇਖਦੇ ਹਨ ਕਿ ਚੀਨੀ ਬੜੀ ਹਫ ਰਹੀ ਹੈ ਅਤੇ ਮੁੜ੍ਹਕੇ ਦਾ ਪਾਣੀ ਛਮਾ ਛਮ ਚੋਹ ਰਿਹਾ ਹੈ। ਉਹ ਸਿੱਖ ਸੋਚਣ ਲਗੇ ਕਿ ਸ਼ਾਇਦ ਕਿਸੇ ਨੇ ਸਾਡੇ ਤੋਂ ਚੋਰੀ ਹੀ ਇਸਨੂੰ ਦੌੜਾਇਆ ਹੋਵੇ। ਬੜਾ ਸੋਚਦੇ ਰਹੇ ਪਰ ਕੋਈ ਪਤਾ ਨ ਲਗਾ।

ਸਵੇਰ ਹੁੰਦਿਆਂ ਸਾਰ ਹੀ ਉਨ੍ਹਾਂ ਸਿੱਖਾਂ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ, "ਸੱਚੇ ਪਾਤਿਸ਼ਾਹ ਜੀ, ਰਾਤ ਸਮੇਂ ਚੀਨੀ ਘੋੜੀ ਬੜੀ ਹਫਦੀ ਰਹੀ ਸੀ. ਮੁੜ੍ਹਕੇ ਦਾ ਪਾਣੀ ਛਮਾ ਛਮ ਚੋਹ ਰਿਹਾ ਸੀ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਕਿਸੇ ਨੇ ਬਹੁਤ ਦੌੜਾਇਆ ਹੋਵੇ।"

ਸਤਿਗੁਰੂ ਜੀ ਪਹਿਲਾਂ ਤਾਂ ਸਿੱਖਾਂ ਨੂੰ ਟਾਲਦੇ ਹੀ ਰਹੇ ਪਰ ਪਿਛੋਂ ਹੱਸ ਕੇ ਕਹਿਣ ਲਗੇ, "ਭਾਈ, ਤੁਸੀਂ ਹਾਲਾਂ ਚੁਪ ਰਹੋ, ਜਦੋਂ ਰਾਇ ਸਿੰਘ ਵਾਪਸ ਆਵੇਗਾ ਉਹ ਆਪ ਹੀ ਤੁਹਾਨੂੰ ਸਾਰੀ ਵਾਰਤਾ ਸੁਣਾ ਦੇਵੇਗਾ" ਸਤਿਗੁਰੂ ਜੀ ਦੇ ਹੱਸ ਕੇ ਇੰਨਾ ਕੁ ਕਹਿਣ ਤੋਂ ਸਿੱਖਾਂ ਨੇ ਅੰਦਾਜਾ ਲਾ ਲਿਆ ਕਿ ਭਾਈ ਰਾਇ ਸਿੰਘ ਨਾਲ ਜਰੂਰ ਕੋਈ ਨ ਕੋਈ ਕਉਤਕ ਵਰਤਿਆ ਹੋਵੇਗਾ।

ਦੂਜੇ ਪਾਸੇ ਭਾਈ ਰਾਇ ਸਿੰਘ ਜੀ ਸਵੇਰੇ ਉੱਠ ਕੇ ਤਿਆਰ ਹੋ ਕੇ ਇਕੱਲੇ ਹੀ ਟੁਰ ਪਏ। ਰਾਹ ਵਿਚ ਜਦੋਂ ਸ਼ੇਰ ਦਾ ਖਿਆਲ ਆਉਂਦਾ ਤਾਂ ਕੁਝ ਘਾਬਰ ਜਾਂਦੇ ਪਰ ਜਦੋਂ ਸਤਿਗੁਰੂ ਜੀ ਦੇ ਦਰਸ਼ਨ ਦਾ ਨਜ਼ਾਰਾ ਸਾਮ੍ਹਣੇ ਆਉਂਦਾ ਤਾਂ ਬੜੇ ਖੁਸ਼ ਹੁੰਦੇ ਅਤੇ ਖੁਸ਼ੀ ਵਿਚ ਹੀ ਸ਼ਬਦ ਪੜ੍ਹਨ ਲਗ ਪੈਂਦੇ :—

**ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ, ਤੂ ਸਾਹਿਬ ਗੁਣੀ ਨਿਧਾਨਾ।**
**ਤੁਮਰੀ ਮਹਿਮਾ ਬਰਨਿ ਨ ਸਾਕਉ, ਤੂੰ ਠਾਕੁਰ ਊਚ ਭਗਵਾਨਾ।**

Sri Satguru Jagjit Singh Ji Elibrary NamdhariElibrary@gmail.com

ਇਸਤਰ੍ਹਾਂ ਸਤਿਗੁਰ ਜੀ ਦੀ ਜੱਸ ਕਰਦਿਆਂ ਅਤੇ ਭਜਨ ਕਰਦਿਆਂ ਉਹ ਇਕੱਲੇ ਹੀ ਤੁਰਦੇ ਗਏ। ਫਿਰ ਰਾਹ ਵਿਚ ਕੋਈ ਰੁਕਾਵਟ ਨ ਆਈ ਅਤੇ ਥੋੜ੍ਹੇ ਹੀ ਦਿਨਾਂ ਵਿਚ ਸ੍ਰੀ ਹਜ਼ੂਰ ਸਾਹਿਬ ਪਹੁੰਚ ਗਏ। ਜਾਂਦਿਆਂ ਸਾਰ ਭਾਈ ਜੀ ਨੇ ਫੁਲ ਮੂਲ ਲੈ ਕੇ ਗੁਰਦਵਾਰੇ ਚੜ੍ਹਾਏ ਅਤੇ ਬੜੇ ਪ੍ਰੇਮ ਨਾਲ ਗੁਰਦਵਾਰੇ ਨੂੰ ਮਥਾ ਟੇਕਿਆ। ਕੜਾਹ ਪਰਸ਼ਾਦ ਦੀ ਦੇਗ ਵਰਤਵਾਈ। ਉਥੋਂ ਦੇ ਸਿੱਖਾਂ ਨੂੰ ਬੜੇ ਪ੍ਰੇਮ ਨਾਲ ਮਿਲੇ।

ਉਥੋਂ ਦੇ ਸਿਖ ਬੜੇ ਹੈਰਾਨ ਸਨ ਕਿ ਭਾਈ ਜੀ ਇਕੱਲੇ ਹੀ ੧੪-੧੫ ਮੀਲ ਦਾ ਸਫਰ ਕਰਕੇ ਕਿਸਤਰ੍ਹਾਂ ਇੱਥੇ ਪਹੁੰਚ ਗਏ ਹਨ? ਗਲਾਂ ਬਾਤਾਂ ਕਰਦਿਆਂ ਜਦੋਂ ਭਾਈ ਜੀ ਨੇ, ਰਾਹ ਵਿਚ ਜੰਗਲ ਵਿਚ ਸ਼ੇਰ ਤੋਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਭਾਈ ਜੀ ਨੂੰ ਬਚਾਉਣ ਦੀ ਵਾਰਤਾ ਸੁਣਾਈ ਤਾਂ ਉਹ ਲੋਕ ਹੋਰ ਵੀ ਹੈਰਾਨ ਹੋਏ ਅਤੇ ਭਾਈ ਜੀ ਨੂੰ ਸੱਚਾ, ਪ੍ਰੇਮੀ ਅਤੇ ਸਿਦਕਵਾਨ ਸਿੱਖ ਸਮਝਕੇ ਭਾਈ ਜੀ ਦਾ ਬੜਾ ਸਤਕਾਰ ਕੀਤਾ ਅਤੇ ਚੰਗੀ ਥਾਂ ਤੇ ਡੇਰਾ ਲਵਾਇਆ।

ਇਥੇ ਰਹਿੰਦਿਆਂ ਭਾਈ ਜੀ ਰੋਜ਼ ਗੁਰਦਵਾਰੇ ਦੀ ਸੇਵਾ ਕਰਦੇ ਅਤੇ ਉਥੋਂ ਦੀ ਮਰਯਾਦਾ ਵੀ ਸਿਖਦੇ ਰਹਿੰਦੇ। ਸਾਧ ਸੰਗਤ ਦੀ ਰਜ਼ਾਮੰਦੀ ਨਾਲ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਕਥਾ ਵੀ ਰੋਜ਼ ਕਰਦੇ।

ਇਕ ਤਾਂ ਸਤਿਗੁਰੂ ਜੀ ਦੀ ਕਿਰਪਾ ਸੀ, ਦੂਜਾ ਪੜ੍ਹੇ ਲਿਖੇ ਵਿਦਵਾਨ ਸਨ ਅਤੇ ਤੀਜਾ ਮਨ ਵਿਚ ਪ੍ਰੇਮ ਅਤੇ ਸ਼ਰਧਾ ਸੀ। ਆਵਾਜ਼ ਵੀ ਮਿਠੀ ਅਤੇ ਸੁਰੀਲੀ ਸੀ। ਕਥਾ ਵਿਚ ਬੜੇ ਸੁਹਣੇ ਅਤੇ ਢੁਕਵੇਂ ਪ੍ਰਮਾਣ ਦਿੰਦੇ ਸਨ। ਜਿਹੜਾ ਵੀ ਆਪ ਜੀ ਦੀ ਕਥਾ ਸੁਣਦਾ ਉਹ ਮੋਹਿਤ ਹੋ ਜਾਂਦਾ। ਸਰੋਤਿਆਂ ਦੀ ਹਾਜ਼ਰੀ ਹਰ ਰੋਜ਼ ਵਧਦੀ ਹੀ ਜਾਂਦੀ ਸੀ। ਆਪ ਜੀ ਦੀ ਕਥਾ ਤੋਂ ਪ੍ਰਭਾਵਤ ਹੋ ਕੇ ਸਰੋਤੇ ਕਥਾ ਭੇਟ ਬਹੁਤ ਕਰਦੇ ਸਨ। ਇਹ ਸਤਸੰਗ ਤਕਰੀਬਨ ਸਾਢੇ ਤਿੰਨ ਮਹੀਨੇ ਚਲਦਾ ਰਿਹਾ। ਭੋਗ ਵਾਲੇ ਦਿਨ ਸੰਗਤ ਹੁਮ ਹੁਮਾ ਕੇ ਆਈ ਸੀ। ਭੋਗ ਦੀ ਅਰਦਾਸ ਪਿਛੋਂ ਭਾਈ ਜੀ ਨੇ ਸਾਰੀ ਦੀ ਸਾਰੀ ਕਥਾ ਭੇਟ ਜੋ ਕਿ ਤਿੰਨ ਸੌ ਰੁਪੈ ਸਨ, ਗੁਰਦਵਾਰੇ ਮੱਥਾ ਟੇਕ ਦਿੱਤੀ। ਉਥੋਂ ਦੇ ਪ੍ਰਬੰਧਕਾਂ ਨੇ ਬੜੇ ਤਰਲੇ ਕੀਤੇ ਕਿ ਇਹ ਰਕਮ ਭਾਈ ਜੀ ਆਪਣੇ ਕੋਲ ਰਖਣ ਪਰ ਭਾਈ ਜੀ ਨੇ ਇਕ ਕੌਡੀ ਵੀ ਨ ਲਈ ਅਤੇ ਨਿਮਰਤਾ ਸਹਿਤ ਬੇਨਤੀ ਕੀਤੀ, ਇਹ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ ਇੱਥੇ ਸੇਵਾ ਕਰਨੀ ਸਾਡਾ ਸਾਰਿਆਂ ਦਾ ਧਰਮ ਅਥਵਾ ਫਰਜ਼ ਹੈ। ਤੁਸੀਂ ਤਾਂ ਰੋਜ਼ ਸੇਵਾ ਕਰਦੇ ਹੀ ਹੋ, ਦਾਸ ਵਲੋਂ ਵੀ ਇਹ ਤੁਛ ਸੇਵਾ ਪ੍ਰਵਾਨ ਕਰੋ ਜੀ।"

ਇਹ ਸੁਣਦਿਆਂ ਸਾਰ ਹੀ ਸਾਰੇ ਪ੍ਰਬੰਧਕ ਨਿਰੁਤਰ ਹੋ ਗਏ ਅਤੇ ਕਹਿਣ ਲਗੇ, ਭਾਈ ਸਾਹਿਬ "ਧੰਨ ਤੁਸੀਂ ਹੋ ਅਤੇ ਧੰਨ ਤੁਹਾਡਾ ਗੁਰੂ ਹੈ।"

ਭਾਈ ਜੀ ਹਰ ਰੋਜ਼ ਕਥਾ ਕਰਨ ਦੇ ਨਾਲ ਨਾਲ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਾਂ ਨੂੰ ਬਖਸ਼ੀ ਹੋਈ ਰਹਿਤ ਮਰਿਆਦਾ ਵੀ ਸਿਖਦੇ ਰਹਿੰਦੇ ਸਨ। ਉਥੋਂ ਦੇ ਸਿੱਖਾਂ ਕੋਲੋਂ

Sri Satguru Jagjit Singh Ji Elibrary NamdhariElibrary@gmail.com



ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ

Sri Satguru Jagjit Singh Ji Elibrary NamdhariElibrary@gmail.com

ਭਾਈ ਜੀ ਉੱਥੇ ਬੜੇ ਪ੍ਰੇਮ ਨਾਲ ਸੇਵਾ ਕਰੀ ਜਾ ਰਹੇ ਸਨ ।

ਕਥਾ ਦੇ ਭੋਗ ਪੈ ਜਾਣ ਪਿਛੋਂ ਇਕ ਰਾਤ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਜੀ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਹੁਕਮ ਕੀਤਾ ਕਿ " ਭਾਈ ਤੂੰ ਉੱਥੇ ਹੀ ਦਿਲ ਲਾ ਬੈਠਾ ਹੈਂ ਅਸੀਂ ਤਾਂ ਤੈਨੂੰ ਇੱਥੇ ਬੜਾ ਉਡੀਕਦੇ ਪਏ ਹਾਂ, ਭਾਈ ਤੂੰ ਸਾਰੇ ਸ੍ਰੀ ਗ੍ਰੰਥ ਸਾਹਿਬ ਜੀ ਦੀ ਕਥਾ ਵੀ ਕਰ ਬੈਠਾ ਹੈਂ ਅਤੇ ਮਰਿਆਦਾ ਬਾਰੇ ਵੀ ਜੋ ਲਿਖਣ ਸੀ, ਉਹ ਵੀ ਲਿਖ ਲਿਆ ਹੈ । ਦਰਸ਼ਨ ਮੇਲੇ ਵੀ ਕਰ ਲੈ ਹਨ, ਹੁਣ ਕਿਰਪਾ ਕਰਕੇ ਜਲਦੀ ਵਾਪਸ ਆ"

ਅਗਲੀ ਸਵੇਰ ਜਦੋਂ ਭਾਈ ਜੀ ਉੱਠੇ ਤਾਂ ਬੜੇ ਖੁਸ਼ ਖੁਸ਼ ਜਾਪਦੇ ਸਨ । ਇਕ ਤਾਂ ਸਤਿਗੁਰੂ ਜੀ ਦੇ ਦਰਸ਼ਨ ਹੋਏ ਸਨ ਅਤੇ ਦੂਜਾ ਸਤਿਗੁਰੂ ਜੀ ਨੇ ਯਾਦ ਕੀਤਾ ਸੀ । ਭਾਈ ਜੀ ਸੁਪਨੇ ਨੂੰ ਯਾਦ ਕਰਕੇ ਕਹਿੰਦੇ ਸਨ

## ਜਾਗਨ ਤੇ ਸੁਪਨ ਭਲਾ ਬਸੀਐ ਪ੍ਰਭ ਸੰਗਿ ॥ (ਪੰਨਾ ੮੧੬)

ਅਥਵਾ

## ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ ॥

ਹੁਣ ਭਾਈ ਜੀ ਅਪਣਾ ਨਿਤ ਨੇਮ ਕਰਕੇ ਵਾਪਸ ਆਉਣ ਦੀ ਤਿਆਰੀ ਕਰਨ ਲਗੇ । ਉਥੋਂ ਕੜੇ ਕੰਘੇ, ਚੱਕਰ ਅਤੇ ਕਿਰਪਾਨਾਂ ਮੁੱਲ ਲਈਆਂ । ਬੁਚਕਾ ਬੰਨ੍ਹ ਕੇ ਤਿਆਰ ਹੋ ਗਏ ਅਤੇ ਉੱਥੋਂ ਦੇ ਸਿਖਾਂ ਕੋਲੋਂ ਆਗਿਆ ਮੰਗੀ ਅਤੇ ਕਹਿਆ ਕਿ ਮੈਨੂੰ ਸਤਿਗੁਰੂ ਜੀ ਵਲੋਂ ਹੁਕਮ ਹੋ ਗਿਆ ਹੈ ਕਿ ਜਲਦੀ ਵਾਪਸ ਆ । ਸਾਧ ਸੰਗਤ ਜੀ, " ਇੱਥੇ ਰਹਿੰਦਿਆਂ ਮੇਰੇ ਕੋਲਾਂ ਕਈ ਗਲਤੀਆਂ ਹੋ ਗਈਆਂ ਹੋਣ ਗੀਆਂ ਮੈਂ ਸਭ ਕੋਲੋਂ ਖਿਮਾ ਮੰਗਦਾਂ ਹਾਂ ਜੀ ।"

ਇਹ ਗਲ ਸੁਣਦਿਆਂ ਸਾਰ ਹੀ ਉੱਥੋਂ ਦੇ ਸਾਰੇ ਸਿੱਖ ਉਦਾਸ ਹੋ ਗਏ । ਭਾਈ ਜੀ ਦੇ ਸਿਦਕਵਾਨ ਅਤੇ ਸੱਚੇ ਸਿੱਖ ਹੋਣ ਕਰਕੇ ਸਾਰੀ ਸੰਗਤ ਇਹ ਹੀ ਚਾਹੁੰਦੀ ਸੀ ਕਿ ਭਾਈ ਜੀ ਵਾਪਸ ਨ ਜਾਣ

ਬੁਧਵਾਨ ਸਿਦਕੀ ਗੁਣਵੰਤਾ

ਤਾ ਕੋ ਕੌਣ ਨ ਚਾਹਿ ਰਖੰਤਾ

ਸਾਰੇ ਇਹ ਹੀ ਚਾਹੁੰਦੇ ਕਿ ਭਾਈ ਜੀ, ਜਿਸ ਤਰ੍ਹਾਂ ਵੀ ਹੋ ਸਕੇ ਵਾਪਸ ਨ ਜਾਣ । ਪ੍ਰਬੰਧਕਾਂ ਨੇ ਇਹ ਵੀ ਬੇਨਤੀ ਕੀਤੀ ਕਿ ਤੁਹਾਡਾ ਵਿਆਹ ਇੱਥੇ ਹੀ ਕਰ ਦੇਂਦੇ ਹਾਂ, ਤੁਸੀਂ ਵਾਪਸ ਨ ਜਾਓ ।

ਭਾਈ ਜੀ ਨੇ ਦੋਵੇ ਹੱਥ ਜੋੜਕੇ ਬੇਨਤੀ ਕੀਤੀ ਕਿ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਮੈਂ ਤਾਂ ਇੱਥੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਕਰਕੇ ਆਇਆ ਹਾਂ ਅਤੇ ਉਨ੍ਹਾਂ ਦੀ ਮਿਹਰ ਅਤੇ ਬਖਸ਼ਸ਼ ਸਦਕਾ ਹੀ ਪਹੁੰਚ ਸਕਿਆ ਸਾਂ । ਖਿਮਾ ਕਰਨੀ ਕਿ ਮੈਂ ਪਰਉਪਕਾਰੀ ਸਤਿਗੁਰੂ ਜੀ ਦੇ ਹੁਕਮ ਨੂੰ ਉਲੰਘਣ ਉਚਿਤ ਨਹੀਂ ਸਮਝਦਾ । ਸਤਿਗੁਰੂ ਜੀ ਦਾ ਹੁਕਮ ਮੰਨਣਾ ਹੀ ਸਤਿਗੁਰੂ ਜੀ ਦੀ ਸੇਵਾ ਹੈ

Sri Satguru Jagjit Singh Ji Elibrary NamdhariElibrary@gmail.com

ਕਿਉਂਜੋ

## ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥

ਤੁਸੀਂ ਆਪ ਹੀ ਸੋਚੋ ਕਿ ਜਦ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਜਲਦੀ ਵਾਪਸ ਆ ਤਾਂ ਮੈਂ ਕਿਉਂ ਨ ਜਾਵਾਂ ? ਮੈਂ ਬੇਨਤੀ ਕਰਦਾ ਹਾਂ ਕਿ ਆਪ ਖੁਸ਼ੀ ਖੁਸ਼ੀ ਆਗਿਆ ਦੇਵੋ ਅਤੇ ਅਰਦਾਸ ਕਰੋ ਕਿ ਮੈਂ ਰਾਜ਼ੀ ਖੁਸ਼ੀ ਸਤਿਗੁਰੂ ਜੀ ਦੇ ਚਰਨਾਂ ਵਿਚ ਪਹੁੰਚ ਜਾਂਵਾਂ

ਸਿੱਖਾਂ ਨੇ ਫਿਰ ਬੇਨਤੀ ਕੀਤੀ, " ਭਾਈ ਜੀ, ਗੁਰੂ ਤੁਹਾਡਾ ਭਲਾ ਕਰੇ ਅਤੇ ਤੁਸੀਂ ਰਾਜ਼ੀ ਖੁਸ਼ੀ ਅਪਣੇ ਘਰ ਪਹੁੰਚ ਜਾਵਹੁ ਪਰ ਸੱਚ ਤਾਂ ਇਹ ਹੈ ਕਿ ਤੁਹਾਡੀ ਮੀਠੀ ਰਸਨਾ ਨੇ, ਨਿਰਮਲ ਕਰਨੀ ਨੇ ਅਤੇ ਨਿਸ਼ਕਾਮ ਸੇਵਾ ਨੇ ਐਸਾ ਮੋਹ ਲਿਆ ਹੈ ਕਿ ਤੁਹਾਡੇ ਪਿਛੇ ਜਾਣ ਵਾਲੇ ਕਹੇ ਹੋਇ ਬੋਲ ਤਿੱਖੇ ਤੀਰ ਮਾਲੂਮ ਹੁੰਦੇ ਹਨ

ਅਥਵਾ

## ਆਪ ਕਹੋ ਮੈਂ ਜਾਵੋ ਪੀਛੇ। ਤਮਰੇ ਬੋਲ ਲਗਤ ਸਰ ਤੀਛੇ

ਅਤੇ

## (ਉਹ) ਜੀਅ ਮੰਦਾਹੁ ਤੜਫੜੇ ਜੇ ਮੈਂ ਆਖਾਂ ਜਾਹੁ

ਭਾਈ ਜੀ ਨੇ ਫਿਰ ਬੇਨਤੀ ਕੀਤੀ ਕਿ ਤੁਹਾਡਾ ਪਿਆਰ ਅਤੇ ਤੁਹਾਡੀ ਸੇਵਾ ਭੁਲ ਨਹੀਂ ਸਕਦੀ ਪਰ ਸਤਿਗੁਰੂ ਜੀ ਦੀ ਰਜ਼ਾ ਹੀ ਕੁਝ ਇਸਤਰ੍ਹਾਂ ਦੀ ਹੈ। ਹੁਣ ਆਪ ਮੈਨੂੰ ਖੁਸ਼ੀ ਖੁਸ਼ੀ ਆਗਿਆ ਦੇਵੋ। ਸਿੱਖ ਭਾਵੇਂ

"ਸਿੱਖਨ ਸਿੱਖ ਨ ਚਾਹਿ ਜੁਦਾਯਾ"

ਪਰ ਸਤਿਗੁਰੂ ਜੀ ਦੇ ਹੁਕਮ ਕਰਕੇ ਚੁੱਪ ਕਰ ਗਏ।

ਫਿਰ ਭਾਈ ਜੀ ਨੇ ਗੁਰਦਵਾਰਿਓਂ ਪ੍ਰਸ਼ਾਦ ਲੈ ਕੇ ਛਕਿਆ ਅਤੇ ਵਾਪਸ ਆਉਣ ਦੀ ਅਰਦਾਸ ਕਰਕੇ ਸਭ ਨੂੰ ਫ਼ਤਹਿ ਬੁਲਾਈ। ਉਥੋਂ ਦੇ ਸਿੱਖਾਂ ਨੇ ਵੀ ਫਤਹਿ ਬੁਲਾਈ। ਸਭ ਦੇ ਨੇਤਰਾਂ ਵਿਚੋਂ ਜਲ ਵਗਣ ਲੱਗ ਪਿਆ। ਭਾਈ ਜੀ ਗੁਰਦੁਆਰੇ ਨੂੰ ਮੱਥਾ ਟੇਕ ਕੇ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਧਿਆਨ ਧਰਕੇ ਤੁਰ ਪਏ।

ਹੁਣ ਭਾਈ ਜੀ ਨਿਰਭੈ ਹੋ ਕੇ ਟੁਰਦੇ ਜਾ ਰਹੇ ਸਨ। ਸਤਿਗੁਰੂ ਜੀ ਦੀ ਕਿਰਪਾ ਨਾਲ ਉਨ੍ਹਾਂ ਨੂੰ ਨਿਸਚਾ ਹੋ ਗਿਆ ਸੀ ਕਿ

## ਗੁਰੁ ਮੇਰੈ ਸੰਗਿ ਸਦਾ ਹੈ ਨਾਲੇ

ਗੁਰੂ ਦਰਸ਼ਨ ਦੀ ਲਾਲਸਾ ਕਰਕੇ ਭਾਈ ਜੀ ਅਪਣਾ ਪੈਂਡਾ ਜਲਦੀ ਜਲਦੀ ਮੁਕਾਈ ਜਾ ਰਹੇ ਸਨ। ਪਤਾ ਨਹੀਂ ਕਿ ਸਤਿਗੁਰੂ ਜੀ ਨੇ ਭਾਈ ਜੀ ਦਾ ਸਿਦਕ ਪਰਖਣਾ ਸੀ ਜਾਂ ਉਂਜ ਹੀ ਕੋਈ ਕਉਤਕ ਵਿਖਾਉਣਾ ਸੀ ਕਿ ਵਾਪਸ ਆਉਂਦਿਆਂ ਜਦੋਂ ਭਾਈ ਜੀ ਤਕਰੀਬਨ ਪੰਜ ਸੌ ਕੋਹ ਦਾ ਪੈਂਡਾ ਕਰ ਬੈਠੇ ਸਨ ਭਾਈ ਜੀ ਦਾ ਖਰਚਾ ਸਾਰੇ ਦਾ ਸਾਰਾ ਮੁਕ ਗਿਆ। ਇਕ ਪੈਸਾ ਵੀ ਕੋਲ ਨ ਰਿਹਾ।

ਭਾਈ ਜੀ ਹੈਰਾਨ ਸਨ ਕਿ ਹੁਣ ਕੀਤਾ ਕੀ ਜਾਏ ? ਸ੍ਰੀ ਹਜ਼ੂਰ ਸਾਹਿਬ,

Sri Satguru Jagjit Singh Ji Elibrary NamdhariElibrary@gmail.com

ਜਿਹੜੀ ਭੇਟਾ ਸੰਗਤ ਵੱਲੋਂ ਮਿਲੀ ਸੀ, ਉਹ ਤਾਂ ਸਾਰੀ ਦੀ ਸਾਰੀ ਗੁਰਦੁਆਰੇ ਮੱਥਾ ਟੇਕ ਆਏ ਸਨ। ਹੁਣ ਇਕ ਪੈਸਾ ਵੀ ਕੋਲ ਨ ਹੋਣ ਕਰਕੇ ਸੋਚਣ ਲੱਗੇ ਕਿ ਕਿਸੇ ਸੱਚ ਕਹਿਆ ਹੈ

**ਬਿਨਾ ਦਾਮ ਕਿਛੁ ਕਾਮ ਨ ਸਰੈ**

ਹੁਣ ਭਾਈ ਜੀ ਵਾਸਤੇ ਬੜੀ ਮੁਸ਼ਕਲ ਬਣ ਗਈ ਸੀ। ਮੰਗ ਕੇ ਖਾ ਨਹੀਂ ਸਨ ਸਕਦੇ, ਕੋਈ ਭੈਣ ਭਰਾ ਅਤੇ ਕੋਈ ਜਾਣੂ ਪਛਾਣੂ ਵੀ ਨੇੜੇ ਨਹੀਂ ਸੀ ਜਿਦੇ ਕੋਲੋਂ ਉਧਾਰ ਲੈ ਲੈਣ ਅਤੇ ਪੈਂਡਾ ਵੀ ਹਾਲਾਂ ੮੦੦-੯੦੦ ਕੋਹ ਬਾਕੀ ਸੀ।

ਧੰਨ ਸਨ ਭਾਈ ਜੀ, ਜਿਨ੍ਹਾਂ ਹਿੰਮਤ ਨ ਹਾਰੀ ਅਤੇ ਭੁੱਖਿਆਂ ਹੀ ਆਪਣਾ ਪੈਂਡਾ ਕਰੀ ਗਏ ਬਾਰਾਂ ਪਹਿਰ ਭੁੱਖੇ ਰਹੇ ਅਤੇ ਸਫਰ ਕਰਦੇ ਰਹੇ। ਜਦੋਂ ਭੁੱਖ ਨੇ ਬਹੁਤ ਤੰਗ ਕੀਤਾ ਤਾਂ ਆਪ ਜੀ ਨੇ ਰਾਹ ਵਿਚ ਦਰਖਤਾਂ ਦੇ ਡਿੱਗੇ ਹੋਏ ਪੱਤੇ ਖਾਣੇ ਸ਼ੁਰੂ ਕਰ ਦਿੱਤੇ।

ਰਾਹ ਜਾਂਦਿਆਂ ਖਿਆਲ ਆਇਆ ਕਿ ਪੈਂਡਾ ਤਾਂ ਹਾਲਾਂ ਬਹੁਤ ਚੋਖਾ ਹੈ ਹੁਣ ਤਾਂ ਸਤਿਗੁਰੂ ਜੀ ਹੀ ਹਨ ਜੋ "

**ਅਪੁਨੇ ਜਨ ਕਾ ਪਰਦਾ ਢਾਕੈ** "

ਸਿਆਣੇ ਆਦਮੀ ਕਹਿੰਦੇ ਹਨ ਕਿ ਭੁੱਖ ਰੂਪ ਦਾ ਨਾਸ ਕਰਦੀ ਹੈ, ਸਰੀਰ ਨੂੰ ਕਮਜ਼ੋਰ ਕਰਦੀ ਹੈ ਗਿਆਨ ਦਾ ਨਾਸ ਕਰਦੀ ਹੈ, ਦੈਵੀ ਗੁਣਾਂ ਦਾ ਛੇਦਨ ਕਰਦੀ ਹੈ ਅਤੇ ਤਪ ਨੂੰ ਖਯ ਕਰਦੀ ਹੈ

ਅੰਨ ਨ ਮਿਲਣ ਕਰਕੇ ਭਾਈ ਜੀ ਦਾ ਸਰੀਰ ਕਮਜ਼ੋਰ ਹੋ ਗਿਆ ਸੀ, ਟੁਰਨਾ ਵੀ ਮੁਸ਼ਕਲ ਹੋ ਗਿਆ ਸੀ, ਕੁਝ ਉਦਾਸ ਹੋਏ, ਸੋਚਣ ਲੱਗੇ

**ਅਬ ਮੈ ਕਉਨੁ ਉਪਾਉ ਕਰਉ** । (ਪੰਨਾ ੬੮੫)

ਫਿਰ ਖਿਆਲ ਆਇਆ ਕਿ ਗੁਰੂ ਜੀ ਤਾਂ ਲਿਖਦੇ ਹਨ

**ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ** (ਪੰਨਾ ੬੮੨)

ਪਤਾ ਨਹੀਂ ਮੇਰੇ ਕੋਲੋਂ ਕਿਹੜੀ ਅਵੱਗਿਆ ਹੋ ਗਈ ਹੈ ਕਿ ਮੇਰੇ ਤੇ ਇਹ ਬਿਪਤਾ ਆਣ ਬਣੀ ਹੈ। ਇਹ ਖਿਆਲ ਆਉਂਦਿਆਂ ਹੀ ਆਹ ਨਿਕਲ ਗਈ – ਹੇ ਸਤਿਗੁਰੂ ਜੀ !

**ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗੁਣ ਨ ਬੀਚਾਰਹੁ ਕੋਈ**

ਬਿਨਿਵਾਜ! (ਪੰਨਾ ੮੮੨

**ਜੋ ਭੁਲੀਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ** । (ਪੰਨਾ ੭੯੧)

ਇਸ ਤਰ੍ਹਾਂ ਤਰਲੇ ਅਥਵਾ ਅਰਦਾਸ ਕਰਦਿਆਂ ਭਾਈ ਜੀ ਨੂੰ ਕੁਝ ਤਰੇਹ ਲੱਗੀ, ਨੇੜੇ ਹੀ ਇਕ ਖੂਹ ਦਿੱਸ ਪਿਆ। ਜਦੋਂ ਕੋਲ ਜਾ ਕੇ ਵੇਖਿਆ ਤਾਂ ਉੱਥੇ ਖੂਹ ਨਹੀਂ ਸੀ ਬਉਲੀ ਸੀ। ਭਾਈ ਜੀ ਨੂੰ ਭੁੱਖ ਵੀ ਲੱਗੀ ਹੋਈ ਸੀ ਅਤੇ ਤਰੇਹ ਵੀ, ਉੱਥੇ ਪੰਜ ਇਸ਼ਨਾਨਾ ਕੀਤਾ ਅਤੇ ਜਲ ਛਕਿਆ। ਜਲ ਛਕਣ ਉਪਰੰਤ ਜਦੋਂ ਉੱਠੇ ਤਾਂ ਅਚਾਨਕ ਹੀ ਉਨ੍ਹਾਂ ਨੂੰ ਬਉਲੀ ਦੇ ਦੂਜੇ ਪਾਸੇ ਇਕ ਥੈਲੀ ਪਈ ਹੋਈ ਦਿੱਸੀ।

ਸਿਆਣੇ ਆਦਮੀ ਕਹਿੰਦੇ ਹਨ ਕਿ ਸਚਾਈ ਦੀ ਪਰਖ ਔਖੇ ਸਮੇਂ ਵਿਚ ਸਚਾਈ ਤੇ ਕਾਇਮ ਰਹਿਣ ਨਾਲ ਹੁੰਦੀ ਹੈ। ਭਾਈ ਜੀ ਬਾਰਾਂ ਪਹਿਰ ਦੇ ਭੁੱਖੇ ਸਨ, ਪੈਂਡਾ ਵੀ ਹਾਲੀ ੭੦੦-੮੦੦ ਮੀਲ ਬਾਕੀ ਸੀ। ਅੰਨ ਮੁੱਲ ਲੈਣ ਵਾਸਤੇ ਇਕ ਪੈਸਾ ਵੀ ਕੋਲ ਨਹੀਂ ਸੀ ਅਤੇ ਨ ਹੀ ਕਿਤਲੋਂ ਮਿਲਣ ਦੀ ਆਸ ਸੀ। ਫਿਰ ਮੰਗ ਕੇ ਖਾਣ ਦਾ ਵੀ ਹੁਕਮ ਨਹੀਂ ਸੀ। ਇਸ ਹਾਲਤ ਵਿਚ ਵੀ ਭਾਈ ਜੀ ਅਪਣੀ ਸਚਾਈ ਤੇ ਕਾਇਮ ਰਹੇ। ਪਰਾਇਆ ਹੱਕ ਸਮਝ ਕੇ ਥੈਲੀ ਫੜ ਤਾਂ ਲਈ ਪਰ ਖੋਲੀ ਨਹੀਂ। ਫੜੀ ਵੀ ਇਸ ਲਈ ਸੀ ਕਿ ਜਿਸ ਦੀ ਹੋਵੇਗੀ ਉਸਨੂੰ ਦੇ ਦੇਵਣਗੇ

ਥੈਲੀ ਹਾਥ ਪਿਖੈ ਲਟਕਾਈ
ਪੂਛੇ ਜੋ, ਦੇਵੈਂ ਤਿਸ ਤਾਈ

ਭਾਈ ਜੀ ਨੇ ਸੋਚਿਆ ਕਿ ਸ਼ਾਇਦ ਕੋਈ ਭੁਲ ਗਿਆ ਹੋਵੇਗਾ। ਉਨ੍ਹਾਂ ਥੈਲੀ ਹੱਥ ਵਿਚ ਫੜ ਕੇ ਲਟਕਾ ਲਈ ਅਤੇ ਅਪਣੇ ਸਫਰ ਵਾਸਤੇ ਤੁਰ ਪਏ। ਰਾਹ ਵਿਚ ਮਿਲਦੇ ਹਰ ਰਾਹੀ ਨੂੰ ਪੁਛਦੇ ਜਾਂਦੇ ਸਨ ਕਿ ਇਹ ਥੈਲੀ ਉਸਦੀ ਤੇ ਨਹੀਂ? ਜੇ ਉਸਦੀ ਹੈ ਤਾਂ ਲੈ ਲਵੇ। ਪਰ ਕਿਸੇ ਨੇ ਵੀ ਝੂਠ ਬੋਲ ਕੇ ਵੀ ਨ ਲਈ। ਭਾਈ ਜੀ ਤਾਂ ਚਾਹੁੰਦੇ ਸਨ ਕਿ ਜਿਸਦੀ ਹੋਵੇ ਉਹ ਲੈ ਲਵੇ ਤਾਂ ਜੋ ਇਸ ਪਰਾਏ ਧਨ ਤੋਂ ਬਚ ਜਾਣ ਪਰ ਉਸਦਾ ਕੋਈ ਮਾਲਕ ਨ ਬਣਿਆ। ਜਦੋਂ ਪੁਛਦੇ ਪੁਛਦੇ ਚੋਖੀ ਦੂਰ ਚਲੇ ਗਏ ਤਾਂ "ਘਟ ਘਟ ਕੇ ਅੰਤਰ ਕੀ ਜਾਨਤ" ਵਾਲੇ ਸਤਿਗੁਰੂ ਜੀ ਨੇ ਭਾਈ ਜੀ ਦੀ ਚਿੰਤਾ ਮਿਟਾਉਣ ਲਈ ਭਾਈ ਜੀ ਨੂੰ ਜਾਣਾਇਆ ਕਿ ਇਹ ਥੈਲੀ ਤਾਂ ਮੈਂ ਖੁਦ ਤੇਰੇ ਖਰਚੇ ਲਈ ਬਾਉਲੀ ਦੇ ਕੰਢੇ ਰਖੀ ਸੀ, ਤੂੰ ਨਿਸੰਗ ਹੋ ਕੇ ਵਰਤ। ਭਾਈ ਤੂੰ ਜੋ ਖਰਚੇ ਤੋਂ ਬਿਨਾਂ ਭੁਖਾ ਹੈਂ ਮੈਂ ਤੇਰੇ ਖਰਚੇ ਵਾਸਤੇ ਹੀ ਉੱਥੇ ਰਖੀ ਸੀ। ਭਾਈ ਤੂੰ ਯਾਦ ਰਖ ਕਿ ਜਿਹੜਾ ਸਤਿਗੁਰੂ ਦੀ ਸੇਵਾ ਕਰਦਾ ਹੈ ਸਤਿਗੁਰੂ ਉਹਦਾ ਹਰ ਤਰ੍ਹਾਂ ਦਾ ਖਿਆਲ ਰਖਦੇ ਹਨ।

ਸਤਿਗੁਰੂ ਸਿਖ ਕੀ ਕਰੈ ਪ੍ਰਤਿਪਾਲ।

ਅਥਵਾ

ਨਾਨਕ ਸਤਿਗੁਰ ਸਿਖ ਕਉ ਜੀਅ ਨਾਲਿ ਸਮਾਰੈ। (ਪੰਨਾ ੨੮੬)

ਜਦੋਂ ਭਾਈ ਜੀ ਨੂੰ ਆਕਾਸ਼ਬਾਣੀ ਰਾਹੀਂ ਥੈਲੀ ਬਾਰੇ ਪਤਾ ਲਗਾ ਤਾਂ ਆਪ ਮੁਹਾਰੇ ਮੂੰਹੋਂ ਨਿਕਲ ਗਿਆ

ਧੰਨ ਸਤਿਗੁਰੂ ਰਾਮ ਸਿੰਘ, ਧੰਨ ਹੈਂ ਤੂੰ

ਭਾਈ ਜੀ ਉੱਥੇ ਹੀ ਸਤਿਗੁਰੂ ਜੀ ਦਾ ਧਿਆਨ ਧਰਕੇ ਧਰਤੀ ਤੇ ਸਿਰ ਧਰਕੇ ਨਮਸਕਾਰ ਕਰਦੇ ਹੋਏ ਕਹਿਣ ਲਗੇ **ਸਤਿਗੁਰ ਮੈ ਬਲਿਹਾਰੀ ਤੋਰ**

ਹੇ ਸਤਿਗੁਰੂ ਰਾਮ ਸਿੰਘ ਜੀ, ਮੇਰੀ ਕਰੋੜ ਵਾਰੀ ਆਪ ਜੀ ਨੂੰ ਨਮਸਕਾਰ ਹੈ

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥**

ਹੇ ਸਤਿਗੁਰੂ ਜੀ ਤੈ ਜੇਵਡ ਕੋ ਨਾਹੀ ਦਾਤਾ, ਅਤੇ, ਤੂੰ ਹੈ ਪੂਰਨ ਪੁਰਖ ਬਿਧਾਤਾ

ਹੇ ਸਤਿਗੁਰੂ ਜੀ, ਜਾਂਦੀ ਵੇਰ ਤੁਸਾਂ ਮੈਨੂੰ ਸ਼ੇਰ ਕੋਲੋਂ ਬਚਾਇਆ ਸਿੰਘ ਪਾਸ ਤੇ ਮੋਹਿ ਛੁਡਾਯੋ

ਅਤੇ ਹੁਣ ਮੈਨੂੰ ਨਿਆਸਰੇ ਨੂੰ ਧਨ ਪਦਾਰਥ ਬਖਸ਼ਿਆ ਹੈ ਅਬ ਮਗ ਤੋਸਾ ਮੋਹਿ ਪੁਚਾਯੋ

ਵਾਹਿ ਵਾਹਿ ਗੁਰ ਜਗ ਕੇ ਵਾਲੀ

ਵਾਹਿ ਵਾਹਿ ਗੁਰ ਜਗ ਕੇ ਵਾਲੀ (ਸੰਤ ਧਿਆਨ ਸਿੰਘ ਜੀ)

ਹੁਣ ਭਾਈ ਜੀ ਨੂੰ ਪੱਕਾ ਨਿਸਚਾ ਹੋ ਗਿਆ ਸੀ ਕਿ ਸਤਿਗੁਰੂ ਜੀ **ਜਹ ਜਹ ਕਾਜ ਕਿਰਤਿ ਸੇਵਕ ਕੀ, ਤਹਾ ਤਹਾ ਉਠਿ ਧਾਵੈ**

ਹੁਣ ਭਾਈ ਜੀ ਕਹਿੰਦੇ ਹਨ, ਹੇ ਮਨ, ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀ

**ਗੂੜੀ ਛੰਨੀ ਨਾਹੀ ਬਾਤ** ॥ ਹੇ ਮਨ, ਤੂੰ ਆਪ ਹੀ ਵੇਖ ਲਿਆ ਹੈ

ਈਹਾਂ ਤੇਰਾ ਕੌਣ ਸਹਾਈ, ਬਾਤੀ ਸਤਿਗੁਰ ਜਾਹਿ ਪੁਚਾਈ,

ਇਸ ਲਈ ਹੇ ਮਨ ਤੂੰ ਨਿਸਚਾ ਕਰ ਕਿ ਸਤਿਗੁਰੂ ਜੀ ਤੋਂ ਬਿਨਾ ਸਾਰੇ ਆਸਰੇ ਕੂੜੇ ਹਨ

ਬਾਵਰ ਭੂਲੇ ਰੇ ਮਨ ਮੂੜੇ। ਬਿਨ ਗੁਰ ਸਰਬ ਆਸਰੇ ਕੂੜੇ ॥

ਹੁਣ ਭਾਈ ਜੀ ਨੇ ਨਿੜੱਕ ਹੋ ਕੇ ਥੈਲੀ ਖੋਲੀ। ਵਿਚ ੧੦੭ ਰੁਪਏ ਸਨ। ਭਾਈ ਜੀ ਬੜੇ ਖੁਸ਼ ਹੋਏ। ਲੋੜ ਅਨੁਸਾਰ ਕੁਝ ਰਕਮ ਕਢ ਲਈ ਅਤੇ ਬਾਕੀ ਦੇ ਰੁਪਏ ਥੈਲੀ ਵਿਚ ਹੀ ਪਾ ਲਏ। ਰਾਹ ਵਿਚ ਕਿਸੇ ਦੁਕਾਨ ਤੋਂ ਰਸਦ ਮੁੱਲ ਲਈ, ਅੰਨ ਪਕਾਇਆ ਅਤੇ ਅਰਦਾਸ ਕਰ ਕੇ ਛੱਕਿਆ, ਪ੍ਰਾਨਾਂ ਨੂੰ ਸੁਖ ਹੋ ਗਿਆ **ਭੁਖਿਆ ਗੰਢ ਪਵੈ ਜਾ ਖਾਇ।**

ਕੁਝ ਆਰਾਮ ਕੀਤਾ ਅਤੇ ਫਿਰ ਨੇਮ ਅਨੁਸਾਰ ਸਫਰ ਕਰਨ ਲਗ ਪਏ।

ਹੁਣ ਭਾਈ ਜੀ ਖੁਸ਼ੀ ਖੁਸ਼ੀ ਅਤੇ ਕਾਹਲੀ ਕਾਹਲੀ ਆਪਣਾ ਪੈਂਡਾ ਮੁਕਾਈ ਜਾ ਰਹੇ ਸਨ। ਰਾਹ ਵਿਚ ਜਿਹੜਾ ਜੰਗਲੀ ਪੈਂਡਾ ਸੀ ਉਹ ਵੀ ਬੇਖੌਫ ਹੋ ਕੇ ਲੰਘ ਗਏ। ਸਫਰ ਕਰਦੇ ਕਰਦੇ ਸ੍ਰੀ ਭੈਣੀ ਸਾਹਿਬ ਦੇ ਨੇੜੇ ਪਹੁੰਚ ਗਏ। ਹਾਲਾਂ ਸ੍ਰੀ ਭੈਣੀ ਸਾਹਿਬ ਤੋਂ ਦੋ ਕੁ ਮੀਲ ਦੂਰ ਸਨ ਕਿ ਉਸ ਵਕਤ ਸ੍ਰੀ ਭੈਣੀ ਸਾਹਿਬ ਵਿਚ ਲਗੇ ਦੀਵਾਨ ਵਿਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉੱਠ ਖਲੋਤੇ ਅਤੇ ਸਾਧ ਸੰਗਤ ਨੂੰ ਦੱਸੇ ਬਿਨਾਂ ਹੀ ਆਪਣੇ ਪਿਆਰੇ ਸਿੱਖ ਭਾਈ ਰਾਇ ਸਿੰਘ ਜੀ ਨੂੰ ਮਿਲਣ ਵਾਸਤੇ ਅਥਵਾ ਅਗੋਂ ਲਿਆਉਣ ਵਾਸਤੇ ਇਸ ਤਰ੍ਹਾਂ ਕਾਹਲ ਨਾਲ ਤੁਰ ਪਏ ਜਿਵੇਂ ਸੁਦਾਮੇ ਜੀ ਦੇ ਆਉਣ ਦੀ ਖਬਰ ਸੁਣਦਿਆਂ ਸਾਰ ਸ੍ਰੀ ਕ੍ਰਿਸ਼ਨ ਮਹਾਰਾਜ ਜੀ

ਦੂਰਹੁ ਦੇਖਿ, ਡੰਡਉਤ ਕਰਿ, ਛਡਿ ਸਿੰਘਾਸਣ ਹਰਿ ਜੀ ਆਏ।

ਤਕਰੀਬਨ ਇਕ ਮੀਲ ਤੇ ਭਾਈ ਜੀ ਨੂੰ ਜਾ ਦਰਸ਼ਨ ਦਿੱਤੇ। ਭਾਈ ਜੀ ਦਰਸ਼ਨ ਕਰਦਿਆਂ ਸਾਰ ਹੀ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਏ

ਦੌਰ ਤਬੈ ਪਗ ਪਰ ਲਪਟਾਯਾ।

ਅਤੇ ਫਿਰ

ਦਰਸਨ ਦੇਖਤ ਹੀ, ਸੁਧ ਕੀ ਨ ਸੁਧ ਰਹੀ,
ਬੁਧਿ ਕੀ ਨ ਬੁਧਿ ਰਹੀ, ਮਤਿ ਮੈਂ ਨ ਮਤਿ ਹੈ॥

ਸ੍ਰੀ ਸਤਿਗੁਰੂ ਜੀ ਨੇ ਭਾਈ ਜੀ ਨੂੰ ਬਾਹਵਾਂ ਤੋਂ ਫੜ ਕੇ ਆਪਣੀ ਛਾਤੀ ਨਾਲ ਲਾਇਆ ਅਤੇ ਭਾਈ ਜੀ ਦੀ ਕੰਡ ਤੇ ਹੱਥ ਫੇਰਦਿਆਂ ਪੁੱਛਿਆ, "ਸੁਣਾ ਭਾਈ, ਰਾਜੀ ਖੁਸ਼ੀ ਰਿਹਾ ਹੈਂ? ਕੋਈ ਤਕਲੀਫ ਤੇ ਨਹੀਂ ਹੋਈ?" ਭਾਈ ਜੀ ਨੇ ਆਦਰ ਸਹਿਤ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਗ਼ਰੀਬ ਨਿਵਾਜ ਜੀ, ਤੁਹਾਡੀ ਕਿਰਪਾ ਨਾਲ ਅਨੰਦ ਰਿਹਾ ਹਾਂ" ਸੰਤ ਧਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ :-

"ਰਾਇ ਸਿੰਘ ਕਰ ਜੋਰ ਉਚਾਰੇ, ਮੈਂ ਜਾਵੋਂ ਗੁਰ ਕੇ ਬਲਿਹਾਰੇ
ਕ੍ਰਿਪਾ ਆਪਕੀ ਰਹਯੋ ਅਨੰਦ।"

ਫਿਰ ਸਤਿਗੁਰੂ ਜੀ ਨੇ ਮੁਸਕਰਾਂਦਿਆਂ ਪੁੱਛਿਆ ਬੋਲੇ ਤਬ ਮੁਸਕਾਇ ਮੁਕੰਦ

"ਭਾਈ, ਮੈਨੂੰ ਪਤਾ ਲਗਾ ਹੈ ਕਿ ਰਾਹ ਵਿਚ ਜੰਗਲ ਵਿਚ ਇਕ ਭਿਆਨਕ ਸ਼ੇਰ ਪੈਂਦਾ ਹੈ ਕੀ ਤੂੰ ਤਾਂ ਉਸ ਤੋਂ ਬਚਿਆ ਰਿਹਾ ਹੈਂ ਨਾ? ਤੈਨੂੰ ਤਾਂ ਉਹ ਸ਼ੇਰ ਨਹੀਂ ਪਿਆ? ਭਾਈ, ਮੈਨੂੰ ਤਾਂ ਬੜਾ ਫਿਕਰ ਲਗਾ ਰਿਹਾ ਕਿ ਸ਼ੇਰ ਕਿਤੇ ਨੇ ਰਾਇ ਸਿੰਘ ਨੂੰ ਨ ਪਿਆ ਹੋਵੇ" ਇਹ ਸੁਣਦਿਆਂ ਸਾਰ ਭਾਈ ਜੀ ਫਿਰ ਸਤਿਗੁਰੂ ਜੀ ਦੇ ਚਰਨਾਂ ਤੇ ਬਾਰ ਬਾਰ

ਨਮਸਕਾਰ ਕਰਦੇ ਹੋਏ ਸਜਲ ਨੇਤਰਾਂ ਨਾਲ ਬੇਨਤੀ ਕਰਨ ਲਗੇ, "ਮਹਾਰਾਜ, ਰਾਹ ਵਿਚ ਬਣੇ ਮੇਰੇ ਸਾਥੀ ਨੂੰ ਪਿਆ ਸੀ ਪਰ ਮੈਨੂੰ ਤਾਂ ਤੁਸਾਂ ਆਪ ਦਰਸ਼ਨ ਦੇ ਕੇ ਉਸ ਸ਼ੇਰ ਕੋਲੋਂ ਬਚਾਇਆ ਸੀ। ਸਤਿਗੁਰੂ ਜੀ, ਮੇਰੇ ਕੋਲ ਨਾ ਤਾਂ ਉਹ ਸ਼ਬਦ ਹਨ ਅਤੇ ਨਾ ਹੀ ਉਹ ਜ਼ਬਾਨ ਹੈ ਜਿਦੇ ਨਾਲ ਮੈਂ ਤੁਹਾਡਾ ਧੰਨਵਾਦ ਕਰ ਸਕਾਂ ਜਾਂ ਤੁਹਾਡੇ ਗੁਣ ਗਾ ਸਕਾਂ। ਤੁਸੀਂ ਤਾਂ "ਊਚ ਅਪਾਰ ਬੇਅੰਤ ਸੁਆਮੀ" ਹੋ

ਅਤੇ ਕਉਣੁ ਜਾਣੈ ਗੁਣ ਤੇਰੇ ॥ (ਪੰਨਾ ੭੦੨)

ਹੇ ਸੱਚੇ ਪਾਤਿਸ਼ਾਹ ਜੀ, ਹਉ ਕਿਆ ਸਾਲਾਹੀ ਕਿਰਮ ਜੰਤੁ

ਵਡੀ ਤੇਰੀ ਵਡਿਆਈ ॥ (ਪੰਨਾ ੭੯੨)

ਮਹਾਰਾਜ "ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ, ਤੂ ਸਾਹਿਬ ਗੁਣੀ ਨਿਧਾਨਾ ॥

ਤੁਮਰੀ ਮਹਿਮਾ ਬਰਨਿ ਨ ਸਾਕਉ, ਤੂੰ ਠਾਕੁਰ ਊਚ ਭਗਵਾਨਾ ॥ (ਪੰਨਾ ੭੩੫)

ਹੇ ਗ਼ਰੀਬ ਨਿਵਾਜ ਜੀ ਬਾਰਨੈ ਬਲਿਹਾਨੈ ਲਖ ਬਰੀਆ (ਪੰਨਾ ੨੧੧)

ਹੇ ਸਤਿਗੁਰੂ ਜੀ, ਮੈਂ ਅਲਪੱਗ ਕੀ ਕਹਿ ਸਕਦਾ ਹਾਂ? ਆਪ ਜੀ ਦੇ ਬਾਰੇ ਤਾਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਆਪ ਇਸ ਤਰ੍ਹਾਂ ਲਿਖ ਗਏ ਹਨ।

ਦੁਆਦਸ ਪੁਰਖ ਹੈ ਆਦਿ ਸੇ, ਸਭਹਨ ਕੇ ਸਿਰ ਮੌਰ।

ਸ਼ਕਤ ਅਨੰਤੀ ਆਇ ਹੈਂ, ਆਦਿ ਇਹੈ, ਨਹੀ ਔਰ ॥

ਹੇ ਸਤਿਗੁਰੂ ਜੀ, ਮੈਨੂੰ ਆਪ ਜੀ ਨੂੰ ਵੇਖਣ ਵਾਲੇ ਨੇਤਰ ਬਖਸ਼ੋ।

ਹਾਲਾਂ ਭਾਈ ਜੀ ਅਰਜੋਈ ਹੀ ਕਰ ਰਹੇ ਸਨ ਕਿ ਸਤਿਗੁਰੂ ਜੀ ਨੇ ਫਿਰ ਪੁੱਛਿਆ, "ਭਾਈ, ਰਾਹ ਵਾਸਤੇ ਜਿਹੜਾ ਖਰਚ ਦਿੱਤਾ ਸੀ, ਉਹ ਪੂਰਾ ਆ ਗਿਆ ਸੀ ਕਿ ਨਹੀਂ, ਮੈਨੂੰ ਤਾਂ ਇਹ ਵੀ ਫਿਕਰ ਸੀ ਕਿ ਕਿਤੇ ਥੁੜ ਨਾ ਜਾਏ।"

ਭਾਈ ਜੀ ਨੇ ਫਿਰ ਬੇਨਤੀ ਕੀਤੀ, "ਜੀ, ਤੁਹਾਡੀ ਭੇਜੀ ਹੋਈ ਥੈਲੀ ਮਿਲ ਗਈ ਸੀ।

ਨਾਲੇ "ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥"

ਭਾਈ ਜੀ ਨੇ ਵੈਰਾਗੀ ਹਾਲਤ ਵਿਚ ਅਪਣਾ ਸਿਰ ਸਤਿਗੁਰੂ ਜੀ ਦੇ ਚਰਨਾਂ ਉੱਤੇ ਧਰ ਦਿੱਤਾ। ਨੇਤਰਾਂ ਵਿਚ ਜਲ ਚਲ ਰਿਹਾ ਸੀ ਐਸਾ ਪ੍ਰਤੀਤ ਹੁੰਦਾ ਸੀ ਜਿਵੇਂ ਨੇਤਰਾਂ ਦੇ ਜਲ ਨਾਲ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਦੇ ਚਰਨ ਧੋ ਰਹੇ ਹੋਣ। ਜਦੋਂ ਕੁਝ ਹੋਸ਼ ਆਈ ਤਾਂ ਫਿਰ ਕਹਿਣ ਲਗੇ, "ਹੇ ਸਤਿਗੁਰੂ ਜੀ

ਸਤਿਜੁਗ ਰੂਪ ਧਰੇ ਤੁਮ ਬਾਵਨ, ਕੀਨੋ ਬਲ ਰਾਜਾ ਕੋ ਪਾਵਨ।
ਤ੍ਰੇਤੇ ਰੂਪ ਰਾਮ ਜੀ ਧਾਰਿਓ, ਦੇਵਨ ਕੋ ਸੁਖ, ਦੈਂਤ ਸੰਘਾਰਿਓ।
ਦੁਆਪਰ ਕ੍ਰਿਸ਼ਨ ਗੋਪੀਅਨ ਸਾਥਾ, ਕੀਓਕੇਲ, ਹੇ ਕੁਲ ਜਗ ਨਾਥਾ।
ਦੇਖ ਕਲੂ ਗਤਿ ਕੋ ਅੰਧਿਆਰਾ, ਨਾਨਕ ਨਾਮ ਭਗਤਿ ਬਪੁ ਧਾਰਾ।
ਸ੍ਰੀ ਗੋਬਿੰਦ ਹਰਿ ਖਾਲਸ ਮਗ ਕੋ, ਦਿਖਲਾਯੋ ਕ੍ਰਿਪਾ ਨਿਜ ਜਗ ਕੋ।
ਅਬ ਨਿਜ ਪੰਥ ਸੰਭਾਰਨ ਹੇਤ, ਪੁਨ ਉਤਰੇ ਹਰਿ ਰਾਮ ਸਹੇਤ
(ਸੰਤ ਧਿਆਨ ਸਿੰਘ ਜੀ)

ਹੇ ਸਤਿਗੁਰੂ ਜੀ ਤੁਮਰੀ ਮਹਿਮਾ ਅਗਮ ਅਗਾਧੁ।

ਹੇ ਗ੍ਰੀਬ ਨਿਵਾਜ ਜੀ, ਤੁਹਾਨੂੰ ਤਾਂ ਸੇਸ ਮਹੇਸ ਗਨੇਸ ਧਿਆਵੈ

ਪਰ ਬੇਅੰਤਾ ਕੋ ਅੰਤ ਨ ਪਾਵੈ

ਅਥਵਾ **ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨਹੀ ਲਹੀਐ।**

ਹੇ ਸਤਿਗੁਰੂ ਜੀ ਤੁਹਾਡੀ ਮਾਇਆ ਬੜੀ ਪ੍ਰਬਲ ਹੈ। ਹੁਣ ਮੇਰੇ ਤੇ ਮਾਇਆ ਪਾ ਕੇ ਭੁਲਾਓ ਨ, ਕ੍ਰਿਪਾ ਕਰੋ ਜਿਸ ਤਰ੍ਹਾਂ ਆਪ ਜੀ ਨੇ ਪਹਿਲਾਂ ਰਖਿਆ ਕੀਤੀ ਹੈ ਇਸੇ ਤਰ੍ਹਾਂ ਆਦਿ ਜੁਗਾਦਿ ਅਪਣਾ ਬਣਾਈ ਰਖਣਾ

ਸ੍ਰੀ ਸਤਿਗੁਰੂ ਜੀ ਨੇ ਭਾਈ ਜੀ ਦਾ ਧਿਆਨ ਦੂਜੇ ਪਾਸੇ ਕਰਨ ਵਾਸਤੇ ਕਹਿਆ ਭਾਈ, ਹੁਣ ਚੁੱਪ ਵੀ ਕਰ ਅਤੇ ਨਾਮ ਜਪੋ ਜੋ ਹੋਤ ਸਹਾਈ।

ਭਾਈ ਸਤਿਗੁਰੂ ਜੀ ਨੇ ਲਿਖਿਆ ਹੈ:-

**ਹਰਿ ਹਰਿ ਨਾਮੁ ਜਪੰਤਿਆ, ਕਛੁ ਨ ਕਹੈ ਜਮਕਾਲੁ॥**
**ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ॥** (ਪੰਨਾ ੫੫੫)

ਇਸ ਤਰ੍ਹਾਂ ਦੀ ਸਿੱਖਿਆ ਦੇਂਦੇ ਹੋਏ, ਸਤਿਗੁਰੂ ਜੀ, ਭਾਈ ਜੀ ਨੂੰ ਨਾਲ ਲੈ ਕੇ

ਸ੍ਰੀ ਭੈਣੀ ਸਾਹਿਬ ਵਲ ਨੂੰ ਤੁਰ ਪਏ । ਰਾਹ ਵਿਚ, ਭਾਈ ਜੀ ਦੇ ਦੱਸਣ ਤੋਂ ਬਿਨਾਂ ਹੀ, ਭਾਈ ਜੀ ਨਾਲ ਜੋ ਰਾਹ ਵਿਚ ਅਤੇ ਜੋ ਸ੍ਰੀ ਹਜ਼ੂਰ ਸਾਹਿਬ ਵਰਤਿਆ ਸੀ, ਉਹ ਸਾਰਾ ਹਾਲ, ਸਤਿਗੁਰੂ ਜੀ ਆਪ ਹੀ ਭਾਈ ਜੀ ਨੂੰ ਕਹਿੰਦੇ ਜਾ ਰਹੇ ਸਨ । ਜਿਵੇਂ ਕਿ ਜੰਗਲ ਵਿਚ ਸ਼ੇਰ ਕੋਲੋਂ ਸਤਿਗੁਰੂ ਜੀ ਨੇ ਭਾਈ ਜੀ ਨੂੰ ਬਚਾਇਆ ਸੀ। ਸ੍ਰੀ ਹਜ਼ੂਰ ਸਾਹਿਬ ਸਾਰੀ ਦੀ ਸਾਰੀ ਕਥਾ ਭੇਟ ਗੁਰਦੁਆਰੇ ਮੱਥਾ ਟੇਕ ਦਿੱਤੀ ਸੀ, ਸ੍ਰੀ ਹਜ਼ੂਰ ਸਾਹਿਬ ਦੀ ਸੰਗਤ ਭਾਈ ਜੀ ਦਾ ਵਿਆਹ ਉਥੇ ਹੀ ਕਰ ਕੇ ਭਾਈ ਜੀ ਨੂੰ ਉਥੇ ਹੀ ਰਖਣਾ ਚਾਹੁੰਦੀ ਸੀ। ਭਾਈ ਜੀ ਦੇ ਵਾਪਸ ਆਉਣ ਤੇ ਸੰਗਤ ਬੜੀ ਉਦਾਸ ਹੋਈ ਸੀ । ਵਾਪਸ ਆਉਂਦਿਆਂ ਭਾਈ ਜੀ ਕੋਲੋਂ ਖਰਚਾ ਮੁੱਕ ਗਿਆ ਸੀ, ਭਾਈ ਜੀ ਬਾਰਾਂ ਪਹਿਰ ਭੁਖੇ ਰਹੇ ਸਨ, ਭਾਈ ਜੀ ਨੂੰ ਰੁਪਈਆਂ ਨਾਲ ਭਰੀ ਹੋਈ ਥੈਲੀ ਮਿਲੀ ਸੀ, ਇਤਿਆਦਿ ਸਾਰਾ ਹਾਲ ਸਤਿਗੁਰੂ ਜੀ ਆਪ ਹੀ ਦੱਸਦੇ ਜਾ ਰਹੇ ਸਨ

ਇਹ ਸਾਰੀਆਂ ਗੱਲਾਂ ਸੁਣ ਕੇ ਭਾਈ ਜੀ ਬੜੇ ਹੈਰਾਨ ਹੋਏ । ਸੋਚਣ ਲੱਗੇ ਕਿ ਸਤਿਗੁਰੂ ਜੀ ਤਾਂ ਇਸ ਤਰ੍ਹਾਂ ਗੱਲਾਂ ਦੱਸ ਰਹੇ ਹਨ ਜਿਵੇਂ ਕਿ ਉਹ ਮੇਰੇ ਅੰਗ ਸੰਗ ਹੀ ਰਹੇ ਹੋਣ। ਬਹੁਤ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਤਿਗੁਰੂ ਜੀ ਤਾਂ ਕਈ ਐਸੀਆਂ ਗੱਲਾਂ ਦੱਸ ਰਹੇ ਹਨ ਜਿਹੜੀਆਂ ਕਿ ਮੈਨੂੰ ਆਪ ਨੂੰ ਵੀ ਯਾਦ ਨਹੀਂ ਰਹੀਆਂ।

ਫਿਰ ਯਾਦ ਆਇਆ **ਅੰਤਰਜਾਮੀ ਸਭੁ ਕਿਛੁ ਜਾਨੈ**
**ਉਸ ਤੇ ਕਹਾ ਛਪਾਇਆ** ॥ (ਪੰਨਾ ੩੮੧)

ਅਥਵਾ **ਘਟ ਘਟ ਕੇ ਅੰਤਰ ਕੀ ਜਾਨਤ** ॥

ਰਾਹ ਵਿਚ ਹੀ ਭਾਈ ਜੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਜੀ, "ਤੁਸੀਂ ਤਾਂ ਸਭ ਕਿਛ ਜਾਣਦੇ ਹੀ ਹੋ ਪਰ ਸੰਗਤ ਨੂੰ ਤੁਹਾਡੇ ਕਉਤਕਾਂ ਦਾ ਪਤਾ ਕਿਸਤਰ੍ਹਾਂ ਲਗੇਗਾ ? ਸਤਿਗੁਰੂ ਜੀ, ਸੰਗਤ ਭੰਬਲ ਭੂਸੇ ਵਿਚ ਪਈ ਹੋਈ ਹੈ, ਮੇਰਾ ਦਿਲ ਕਰਦਾ ਹੈ ਕਿ ਮੈਂ ਵੀ ਮੱਖਣ ਸ਼ਾਹ ਲੁਭਾਣੇ ਵਾਂਗੂੰ ਸੰਗਤ ਨੂੰ ਤੁਹਾਡੇ ਕਉਤਕ ਸੁਣਾ ਕੇ ਸੰਗਤ ਦੀਆਂ ਖੁਸ਼ੀਆਂ ਲਵਾਂ । ਮੈਨੂੰ ਇਹ ਵੀ ਡਰ ਲਗਦਾ ਹੈ

ਕਿ **ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ** (ਪੰਨਾ ੫੪

ਹੇ ਸੱਚੇ ਪਾਤਿਸ਼ਾਹ ਜੀ ! ਜਿਸ ਗੁਰੂ ਨੇ ਮੈਨੂੰ ਜੀਅ ਦਾਨ ਦਿੱਤਾ ਹੋਵੇ, ਜੇ ਮੈਂ ਉਹਦੀ ਸਾਖੀ ਸੰਗਤ ਨੂੰ ਨਾ ਸੁਣਾਵਾਂ ਤਾਂ ਦੱਸੋ ਮੇਰੇ ਵਰਗਾ ਅਕ੍ਰਿਤਘਣ ਕਉਣ ਹੋਵੇਗਾ ? ਫਿਰ ਤਾਂ ਮੈਂ ਸੱਚ ਮੁੱਚ ਹੀ "**ਮੈਂ ਕੀਤਾ ਨ ਜਾਤਾ ਹਰਾਮਖੋਰ**"। ਹੀ ਨਿਕਲਿਆ !

ਸਤਿਗੁਰੂ ਜੀ, ਖਿਮਾ ਕਰਨਾ ਮੇਰੇ ਕੋਲੋਂ ਰਿਹਾ ਨਹੀ ਜਾਣਾ, ਮੈਂ ਤਾਂ ਜ਼ਰੂਰ ਹੀ

Sri Satguru Jagjit Singh Ji Elibrary NamdhariElibrary@gmail.com

ਅੱਪਣੀ ਹੱਡ ਬੀਤੀ ਸੁਣਾਵਾਂਗਾ

ਮੈਂ ਤਾਂ ਸਾਚ ਕਹੋਂ ਜੋ ਨੈਨਨ ਹੇਰੀ "

ਭਾਈ ਜੀ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਕੁਝ ਮੁਸਕਰਾਏ ਅਤੇ ਫਿਰ ਚੁੱਪ ਹੋ ਗਏ। ਭਾਈ ਜੀ ਪ੍ਰੇਮ ਮੁਗਧ ਸਤਿਗੁਰੂ ਜੀ ਦੇ ਨਾਲ ਨਾਲ ਇਸ ਤਰ੍ਹਾਂ ਤੁਰਦੇ ਜਾਂਦੇ ਸਨ ਜਿਸ ਤਰ੍ਹਾਂ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨਾਲ ਰਾਧਿਕਾ ਤੁਰਦੀ ਹੁੰਦੀ ਸੀ

ਹਨੇ ਜੈਸ ਰਾਧੇ ਬ੍ਰਿਜਨਾਥ,

ਸਹਿਜੇ ਸਹਿਜੇ ਤੁਰਦੇ ਹੋਏ ਦੀਵਾਨ ਸਥਾਨ ਤੇ ਪਹੁੰਚ ਗਏ। ਜਦੋਂ ਦੀਵਾਨ ਸਥਾਨ ਤੇ ਪਹੁਚੇ ਤਾਂ ਸਾਰੀ ਸੰਗਤ ਨੇ ਉੱਠ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਭਾਈ ਜੀ ਨੂੰ ਅਪਣੇ ਸਿੰਘਾਸਣ ਦੇ ਕੋਲ ਕਰ ਹੀ ਬੈਠਾਲ ਲਿਆ। ਜਦੋਂ ਸਤਿਗੁਰੂ ਜੀ ਨੇ ਰਹਿਤ ਮਰਯਾਦਾ ਬਾਰੇ ਪੁੱਛਿਆ ਤਾਂ ਭਾਈ ਜੀ ਨੇ ਲਿਖੀ ਹੋਈ ਸਾਰੀ ਮਰਯਾਦਾ ਅਰਜ਼ ਕਰ ਦਿੱਤੀ

ਸਾਧ ਸੰਗਤ ਦਾ ਭਾਰੀ ਇਕੱਠ ਵੇਖ ਕੇ ਭਾਈ ਜੀ ਸੋਚਣ ਲਗੇ ਕਿ ਜਦੋਂ ਮੈਂ ਗਿਆ ਸਾਂ ਉਦੋਂ ਤਾਂ ਸਿਰਫ ਤੇਰਾਂ ਹੀ ਸਿੱਖ ਸਨ ਪਰ ਹੁਣ ਤਾਂ ਇਸਤਰੀਆਂ ਪੁਰਸ਼ਾਂ ਦਾ ਮੇਲਾ ਹੀ ਭਰਿਆ ਹੋਇਆ ਹੈ। ਫਿਰ ਖਿਆਲ ਆਇਆ ਕਿ ਸਤਿਗੁਰੂ ਜੀ ਬਾਰੇ ਜਿਹੜਾ ਲਿਖਿਆ ਹੋਇਆ ਹੈ ਕਿ ਬਾਰ੍ਹਵਾਂ ਜਾਮਾ

ਨਰ ਨਾਰੀ ਕੋ ਨਾਮ ਜਪਾਵੈ

ਅਤੇ

ਜਾਮਾ ਧਰਿਹੋਂ ਬਾਰਵ੍ਹਾਂ ਪ੍ਰਗਟੈ ਆਦਿ ਰਘੁਵੰਸ਼

ਸੰਗਤ ਮਿਲੈ ਅਨੰਤ ਤਬ ਜਾਨੋ ਕੋਟ ਮਹੰਸ

ਇਹ ਤਾਂ ਸਾਰਾ ਹੀ ਠੀਕ ਹੁੰਦਾ ਦਿੱਸ ਰਿਹਾ ਹੈ।

ਦੀਵਾਨ ਦੀ ਸਮਾਪਤੀ ਪਿਛੋਂ ਸਤਿਗੁਰੂ ਜੀ ਤਾਂ ਡੇਰੇ ਚਲੇ ਗਏ ਪਰ ਭਾਈ ਜੀ ਨੂੰ ਸੰਗਤ ਨੇ ਘੇਰ ਲਿਆ। ਭਾਈ ਜੀ ਨੂੰ ਕੋਈ ਸਿੱਖ ਕੁਝ ਪੁੱਛੇ ਅਤੇ ਕੋਈ ਕੁਝ। ਭਾਈ ਜੀ ਨੇ ਉੱਚੀ ਆਵਾਜ਼ ਵਿਚ ਕਿਹਾ,

" ਮੇਰੇ ਪਿਆਰੇ ਗੁਰ ਭਾਈਓ! ਤੁਸੀਂ ਵਡੇ ਭਾਗਾਂ ਵਾਲੇ ਹੋ ਜਿਹੜੇ ਇਨ੍ਹਾਂ ਦੇ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ) ਲੜ ਲਗੇ ਹੋ। ਮੈਂ ਤੁਹਾਡੀ ਜਾਣਕਾਰੀ ਵਾਸਤੇ ਦੱਸਦਾ ਹਾਂ ਕਿ ਭੁਲੇਖੇ ਵਿਚ ਨ ਰਹਿਣਾ। ਇਹ ਹੀ ਸ੍ਰੀ ਰਾਮ ਚੰਦ੍ਰ ਜੀ ਹਨ, ਇਹ ਹੀ ਸ੍ਰੀ ਕ੍ਰਿਸ਼ਨ ਭਗਵਾਨ ਜੀ ਹਨ, ਇਹ ਹੀ ਸਤਿਗੁਰੂ ਨਾਨਕ ਦੇਵ ਜੀ ਹਨ ਅਤੇ ਇਹ ਹੀ ਸਤਿਗੁਰੂ ਗੋਬਿੰਦ ਸਿੰਘ ਜੀ ਹਨ। ਮੇਰੇ ਭਰਾਵੋ, ਇਹ

ਸਤਿਗੁਰ ਹੈ ਪੂਰਨ ਅਵਤਾਰ, ਇਸ ਨੇ ਕਰਨੇ ਚੋਜ ਅਪਾਰ।

ਆਇਆ ਰੂਪ ਬਾਰ੍ਹਵਾਂ ਧਾਰ, ਮਾਨੋ ਤਾਰਨ ਨੂੰ ਸੰਸਾਰ।

(ਬਾਬਾ ਚੰਦਾ ਸਿੰਘ ਜੀ)

ਮੇਰੇ ਭਾਈਓ ਤੁਸੀਂ ਸਾਰੇ ਸਿਆਣੇ ਹੋ । ਤੁਸੀ ਪੁਰਾਣੀਆਂ ਸਾਖੀਆਂ
ਤਾਂ ਜਾਣਦੇ ਹੀ ਹੋ ਕਿਸ ਤਰ੍ਹਾਂ ਅਕਾਲ ਪੁਰਖ ਅਪਣੇ ਭਗਤਾਂ ਦੀ ਰਖਿਆ ਕਰਦਾ ਹੈ ਅਤੇ
ਕਿਸ ਤਰ੍ਹਾਂ ਸਰਨ ਪਇਆਂ ਦੀ ਲਾਜ ਰਖਦਾ ਹੈ । ਮੈਂ ਤੁਹਾਨੂੰ ਇਕ ਨਵੀਂ ਹੱਡ ਬੀਤੀ ਸੁਣਾਉਂਦਾ ਹਾਂ:-
ਮੈਂ ਮਦੀਹਰ ਪਿੰਡ ਦਾ ਰਹਿਣ ਵਾਲਾ ਹਾਂ ਅਤੇ ਸ੍ਰੀ ਅੰਮ੍ਰਿਤਸਰ ਵਿੱਦਿਆ ਪੜ੍ਹਦਾ ਹੁੰਦਾ ਸਾਂ ।
ਪਹਿਲਾਂ ਤਾਂ ਮੈਂ ਹੋਰ ਹੀ ਕਈ ਗ੍ਰੰਥ ਪੜ੍ਹੇ ਸਨ ਪਰ ਜਦੋਂ ਕੁਝ ਸਿਆਣਾ ਹੋਇਆ ਤਾਂ ਸ੍ਰੀ ਆਦਿ
ਗ੍ਰੰਥ ਸਾਹਿਬ ਜੀ ਦਾ ਪਾਠ ਅਰਥਾਂ ਸਹਿਤ ਸ਼ੁਰੂ ਕੀਤਾ । ਪੜ੍ਹਦਿਆਂ ਪੜ੍ਹਦਿਆਂ ਮੈਨੂੰ
ਗਿਆਨ ਹੋਇਆ ਕਿ ਗੁਰੂ ਬਿਨਾਂ ਨਾ ਤਾਂ ਆਤਮਕ ਸ਼ਾਂਤੀ ਨਸੀਬ ਹੁੰਦੀ ਹੈ ਅਤੇ ਨਾ ਹੀ
ਪਰਮਾਤਮਾ ਦੇ ਦਰਸ਼ਨ ਹੁੰਦੇ ਹਨ । ਫਿਰ ਮੈਨੂੰ ਸਤਿਗੁਰੂ ਜੀ ਨੂੰ ਮਿਲਣ ਦੀ ਚਾਹ ਲੱਗੀ ।
ਬੜਾ ਉਦਾਸ ਰਹਿੰਦਾ ਸਾਂ । ਇਕ ਦਿਨ ਮੈਂ ਅਰਦਾਸ ਕੀਤੀ ਕਿ ਹੇ ਸਮੇਂ ਦੇ ਗੁਰੂ ਜੀ,
"ਮੈਂ ਅੰਞਾਣ ਤੇ ਤਰਸ ਕਰਕੇ ਦਰਸ਼ਨ ਦੀ ਦਾਤ ਬਖਸ਼ੋ ਜੀ," ਉਸੇ ਦਿਨ ਹੀ ਮੈਨੂੰ
ਇਨ੍ਹਾਂ ਨੇ ( ਸ੍ਰੀ ਸਤਿਗੁਰੂ ਜੀ ਨੇ) ਕਟੜੇ ਹਰੀ ਸਿੰਘ ਵਿਚ ਦਰਸ਼ਨ ਦੇ ਕੇ ਪਿੰਡ ਭੈਣੀ
(ਸ੍ਰੀ ਭੈਣੀ ਸਾਹਿਬ) ਆਉਣ ਲਈ ਹੁਕਮ ਕੀਤਾ । ਮੈਂ ਪੜ੍ਹਾਈ ਵਿਚੇ ਹੀ ਛੱਡ ਕੇ ਤੁਰ ਪਿਆ
ਅਤੇ ਪੁੱਛਦਾ ਪੁੱਛਦਾ ਇੱਥੇ ਪਹੁੰਚ ਗਿਆ । ਇੱਥੇ ਮੈਨੂੰ 'ਇਨ੍ਹਾਂ ਦੇ ਸਰੀਰ ਵਿਚੋਂ ਭਗਵਾਨ
ਦੇ ਪ੍ਰਤੱਖ ਦਰਸ਼ਨ ਹੋਏ । ਦਰਸ਼ਨ ਕਰਕੇ ਐਸਾ ਮੋਹਿਆ ਗਿਆ ਕਿ ਫਿਰ ਕਿਸੇ ਹੋਰ ਥਾਂ
ਤੇ ਜਾਣ ਜੋਗਾ ਹੀ ਨ ਰਿਹਾ ਅਤੇ ਮੈਂ ਡੇਰਾ ਹੀ ਇੱਥੇ ਲਾ ਲਿਆ ।

ਕੁਝ ਦਿਨਾਂ ਪਿਛੋਂ ਮੈਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਤੂੰ ਸ੍ਰੀ ਹਜ਼ੂਰ
ਸਾਹਿਬ ਜਾ ਅਤੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਵਲੋਂ ਸਿੱਖਾਂ ਨੂੰ ਬਖਸ਼ੀ ਹੋਈ
ਰਹਿਤ ਮਰਯਾਦਾ ਲਿਖ ਕੇ ਲਿਆ । ਹੁਕਮ ਅਨੁਸਾਰ ਤਿਆਰੀ ਕਰਕੇ ਅਤੇ ਸਤਿਗੁਰੂ ਜੀ ਦੇ
ਚਰਨਾਂ ਤੇ ਨਮਸਕਾਰ ਕਰਕੇ ਜਦੋਂ ਮੈਂ ਟੁਰਨ ਲਗਾ ਤਾਂ ਸਤਿਗੁਰੂ ਜੀ ਨੇ ਮੈਨੂੰ ਸਿੱਖਿਆ ਦਿੱਤੀ
ਕਿ ਉੱਥੇ ਨਾ ਤਾਂ ਵਿਆਹ ਕਰਵਾਉਣਾ ਅਤੇ ਨਾ ਹੀ ਉਥੋਂ ਕੋਈ ਭੇਟਾ ਲੈਣੀ । ਸਤਿਗੁਰੂ ਜੀ
ਦੀ ਅਸ਼ੀਰਬਾਦ ਲੈ ਕੇ ਤੁਰ ਪਿਆ । ਰਾਹ ਵਿਚ ਮੈਨੂੰ ਸ੍ਰੀ ਅਬਚਲ ਨਗਰ ਵਲ ਜਾਣ ਵਾਲਾ
ਇਕ ਆਦਮੀ ਮਿਲ ਪਿਆ । ਅਸੀ ਇਕੱਠੇ ਤੁਰਦੇ ਗਏ । ਗਲਾਂ ਬਾਤਾਂ ਤੋਂ ਮੈਂ ਅੰਦਾਜ਼ਾ ਲਾਇਆ
ਕਿ ਇਹ ਸਤ ਸੰਗੀ ਨਹੀਂ ਪਰ ਸਾਥ ਬਣੇ ਹੋਏ ਕਰਕੇ ਅਸੀ ਇਕੱਠੇ ਹੀ ਤੁਰਦੇ ਗਏ । ਜਦੋਂ ਅਸੀਂ
ਤਕਰੀਬਨ ਅੱਠ ਸੌ ਕੋਹ ਚਲ ਚੁਕੇ ਸਾਂ ਤਾਂ ਅਗੇ ਰਾਹ ਵਿਚ ਜੰਗਲ ਸੀ । ਇਸ ਜੰਗਲ ਤੋਂ ਕੁਝ
ਉਰੇ ਹੀ ਸਾਨੂੰ ਉਸ ਪਾਸੇ ਦਾ ਰਹਿਣ ਵਾਲਾ ਇਕ ਆਦਮੀ ਮਿਲਿਆ । ਉਹਨੇ ਸਾਨੂੰ ਕਹਿਆ
ਕਿ ਇਸ ਜੰਗਲ ਵਿਚ ਭਾਰੀ ਸ਼ੇਰ ਹੈ, ਰਾਤ ਪੈਣ ਲਗੀ ਹੈ, ਤੁਸੀਂ ਛੇਤੀ ਛੇਤੀ ਕਿਸੇ ਚੌਂਕੀ ਵਿਚ
ਪਹੁੰਚ ਜਾਓ, ਰਾਤ ਕਿਸੇ ਚੌਂਕੀ ਸੌਣਾ, ਬਾਹਰ ਨਹੀ ਸੌਣਾ । ਇਹ ਸੁਣਦਿਆਂ ਹੀ ਮੈਂ ਅਪਣੇ
ਸਾਥੀ ਨੂੰ ਕਹਿਆ ਕਿ ਠੀਕ ਸਾਨੂੰ ਕਿਸੇ ਚੌਂਕੀ ਵਿਚ ਹੀ ਸੌਣਾ ਚਾਹੀਦਾ ਹੈ, ਜੰਗਲੀ ਜਾਨਵਰਾਂ
ਦੇ ਖਤਰੇ ਤੋਂ ਬਚੇ ਰਹਾਂਗੇ । ਮੈਂ ਤਾਂ ਅਪਣੇ ਵਲੋਂ ਚੰਗਾ ਕਹਿਆ ਪਰ ਮੇਰਾ ਸਾਥੀ
ਅਪਣੇ ਘਮੰਡ ਵਿਚ ਕਹਿਣ ਲੱਗਾ ਕਿ ਤੂੰ ਤਾਂ ਡਰਪੋਕ ਨਿਕਲਿਆ ਹੈਂ, ਤੂੰ ਤਾਂ ਸ਼ੇਰ ਦਾ ਨਾ
ਹੀ ਸੁਣ ਕੇ ਡਰ ਗਿਆ ਹੈਂ, ਤੂੰ ਤਾਂ ਕੱਛ ਪਾਈ ਹੋਈ ਹੈ, ਕੀ ਕੱਛਾਂ ਵਾਲੇ ਸਾਰੇ ਡਰਾਕੂਲ
ਹੀ ਹੁੰਦੇ ਹਨ ? ਸਾਥੀ ਦੀ ਗੱਲ ਸੁਣ ਕੇ ਮੈਨੂੰ ਗੁੱਸਾ ਤਾਂ ਬੜਾ ਲੱਗਾ ਪਰ ਮੈਂ
"ਮੂਰਖ ਨਾਲ ਚੰਗੇਰੀ ਚੁਪ" ਵਿਚਾਰ ਕੇ ਚੁੱਪ ਕਰ ਗਿਆ । ਇੰਨੇ ਨੂੰ ਕਾਫੀ ਹਨੇਰਾ ਹੋ

Raman

Sri Satguru Jagjit Singh Ji Elibrary NamdhariElibrary@gmail.com

ਅਸੀ ਚੌਂਕੀ ਤੋਂ ਬਾਹਰ ਹੀ ਕਿਤੇ ਸੌਂ ਗਏ।

ਖੇਡ ਗੁਰੂ ਦੀ ਕਿ ਸਾਨੂੰ ਸੁੱਤਿਆਂ ਥੋੜਾ ਹੀ ਚਿਰ ਹੋਇਆ ਸੀ ਕਿ ਇੱਕ ਬੜਾ ਭਿਆਨਕ ਸ਼ੇਰ ਉਸ ਪਾਸੇ ਵਲ ਆ ਨਿਕਲਿਆ। ਉਸਨੇ ਆਉਂਦਿਆਂ ਸਾਰ ਹੀ ਮੇਰੇ ਸਾਥੀ ਦੀ ਗਰਦਨ ਫੜ ਕੇ ਝਟ ਉਸਨੂੰ ਮਾਰ ਦਿੱਤਾ ਅਤੇ ਉਸਦਾ ਮਾਸ ਖਾਣ ਲਗ ਪਿਆ। ਮੈਂ ਵੀ ਨੇੜੇ ਹੀ ਲੇਟਿਆ ਹੋਇਆ ਇਹ ਸਭ ਕੁਝ ਵੇਖ ਰਿਹਾ ਸਾਂ। ਡਰ ਦੇ ਮਾਰੇ ਨਾ ਭਜਕੇ ਕਿਤੇ ਜਾ ਸਕਦਾ ਸਾਂ ਅਤੇ ਨਾ ਕਿਤੇ ਲੁਕ ਸਕਦਾ ਸਾਂ। ਮਨ ਵਿਚ ਮੌਤ ਦਾ ਡਰ ਸੀ ਅਤੇ ਸਾਰਾ ਸਰੀਰ ਕੰਬ ਰਿਹਾ ਸੀ। ਡਰ ਨਾਲ ਆਹ ਨਿਕਲ ਗਈ ਕਿ "ਹੇ ਸਤਿਗੁਰੂ ਰਾਮ ਸਿੰਘ ਜੀ, ਮੇਰੀ ਰਖਿਆ ਕਰੋ ਜੀ।" ਸਾਧ ਸੰਗਤ ਜੀ, ਸੱਚ ਜਾਣੋ ਕਿ ਜਦੋਂ ਮੇਰੀ ਆਹ ਨਿਕਲੀ ਸੀ ਤਤਛਿਨ ਸਤਿਗੁਰੂ ਜੀ ਚੀਨੀ ਤੇ ਸਵਾਰ ਉੱਥੇ ਪਹੁੰਚ ਗਏ। ਮੇਰੇ ਅਤੇ ਸ਼ੇਰ ਦੇ ਵਿਚਕਾਰ ਘੋੜੀ ਖੜੀ ਕਰਕੇ ਮੈਨੂੰ ਕਿਹਾ ਕਿ "ਰਾਇ ਸਿੰਘ ਤੂੰ ਡਰਦਾ ਕਿਉਂ ਹੈਂ? ਤੇਰੇ ਰਾਖੇ ਤਾਂ ਗੁਰੂ ਆਪ ਹਨ। ਤੂੰ ਉੱਠ ਅਤੇ ਮੇਰੇ ਦੇਖਦਿਆਂ ਦੇਖਦਿਆਂ ਸਿਪਾਹੀਆਂ ਦੀ ਚੌਂਕੀ ਤੇ ਪਹੁੰਚ ਜਾ।"

ਸਤਿਗੁਰੂ ਜੀ ਦੇ ਦਰਸ਼ਨ ਕਰਦਿਆਂ ਸਾਰ ਮੇਰੇ ਮੁਰਦੇ ਸਰੀਰ ਵਿਚ ਜਾਨ ਪੈ ਗਈ, ਝਟ ਉਠ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਅਪਣਾ ਬੁਚਕਾ ਅਤੇ ਗੜਵਾ ਚੁੱਕ ਕੇ ਨੇੜੇ ਦੀ ਚੌਂਕੀ ਤੇ ਪਹੁੰਚ ਗਿਆ। ਪਤਾ ਨਹੀ ਸਤਿਗੁਰੂ ਜੀ ਕਿਸ ਤਰ੍ਹਾਂ ਆਏ ਅਤੇ ਕਿਸ ਤਰ੍ਹਾਂ ਗਏ,

ਭਾਈ ਜੀ ਦੇ ਸਾਖੀ ਸੁਣਾਦਿਆਂ ਵਿਚ ਹੀ ਇਕ ਸਿੱਖ ਬੋਲ ਉੱਠਿਆ ਕਿ ਸਾਧ ਸੰਗਤ ਜੀ, ਮੇਰੀ ਵੀ ਇਕ ਅਰਜ਼ ਸੁਣ ਲਉ। ਤਾਰੀਕ ਤਾਂ ਮੈਨੂੰ ਯਾਦ ਨਹੀਂ ਪਰ ਤਿੰਨ ਚਾਰ ਮਹੀਨੇ ਹੋ ਗਏ ਹਨ ਕਿ ਇਕ ਰਾਤ ਨੂੰ ਚੀਨੀ ਘੋੜੀ ਬੜੀ ਹਫਦੀ ਰਹੀ ਸੀ। ਚੀਨੀ ਦੇ ਸਰੀਰ ਤੋਂ ਮੁੜਕੇ ਦਾ ਪਾਣੀ ਇਵੇਂ ਬਹਿ ਰਿਹਾ ਸੀ ਜਿਵੇਂ ਕਿ ਚੀਨੀ ਨੂੰ ਕਿਸੇ ਬਹੁਤ ਦੌੜਾਇਆ ਹੋਵੇ।

ਇਹ ਸੁਣਦਿਆਂ ਸਾਰ ਹੀ ਇਕ ਹੋਰ ਸਿੱਖ ਬੋਲ ਉੱਠਿਆ, "ਆਹੋ, ਆਹੋ! ਮੈਨੂੰ ਵੀ ਯਾਦ ਆ ਗਿਆ ਹੈ ਕਿ ਇਕ ਰਾਤ ਚੀਨੀ ਘੋੜੀ ਬੜੀ ਹਫਦੀ ਰਹੀ ਸੀ, ਮੁੜਕੇ ਦਾ ਪਾਣੀ ਇੰਨਾ ਬਹਿੰਦਾ ਸੀ ਜਿਵੇਂ ਘੋੜੀ ਨੂੰ ਹੁਣੇ ਹੀ ਨਹਾਇਆ ਹੋਵੇ। ਅਗਲੀ ਸਵੇਰ ਜਦੋਂ ਅਸਾਂ ਸਤਿਗੁਰੂ ਜੀ ਅੱਗੇ ਚੀਨੀ ਘੋੜੀ ਬਾਰੇ ਅਰਜ਼ ਕੀਤੀ ਸੀ ਤਾਂ ਸਤਿਗੁਰੂ ਜੀ ਨੇ ਫੁਰਮਾਇਆ ਸੀ:–

ਕਿ "ਭਾਈ ਤੁਸੀ ਹਾਲਾਂ ਚੁਪ ਰਹੁ, ਜਦੋਂ ਰਾਇ ਸਿੰਘ ਵਾਪਸ ਆਵੇਗਾ ਉਹ ਆਪ ਹੀ ਤੁਹਾਨੂੰ ਸਾਰੀ ਵਾਰਤਾ ਸੁਣਾ ਦੇਵੇਗਾ"

ਫਿਰ ਭਾਈ ਜੀ ਨੇ ਕਿਹਾ ਕਿ ਮੇਰੇ ਭਰਾਵੋ, ਮੈਂ ਕੋਈ ਝੂਠ ਨਹੀਂ ਬੋਲ ਰਿਹਾ, ਮੇਰੇ ਨਾਲ ਜੋ ਬੀਤੀ ਹੈ ਉਹ ਹੀ ਤੁਹਾਨੂੰ ਸੁਣਾਈ ਹੈ। ਹੁਣ ਹੋਰ ਸੁਣੋ। ਜਦੋਂ ਮੈਂ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਕੇ ਵਾਪਸ ਆ ਰਿਹਾ ਸਾਂ ਤਾਂ ਮੇਰੇ ਕੋਲੋਂ ਖਰਚਾ ਉੱਕਾ ਹੀ ਮੁੱਕ ਗਿਆ ਸੀ, ਇਕ ਪੈਸਾ ਵੀ ਕੋਲ ਨਹੀਂ ਸੀ ਰਿਹਾ। ਰਾਹ ਵਿਚ ਨਾ ਕੋਈ ਜਾਣੂ ਸੀ ਅਤੇ ਨਾ ਕੋਈ ਪਛਾਣੂ ਸੀ। ਕਿਸੇ ਕੋਲੋਂ ਮੰਗਣ ਤੇ ਵੀ ਦਿਲ ਨਹੀਂ ਸੀ ਕਰਦਾ। ਬਾਰਾਂ ਪਹਿਰ ਭੁੱਖਾ ਰਿਹਾ ਸਾਂ, ਰਾਹ ਵਿਚ ਦਰਖਤਾਂ ਦੇ ਡਿੱਗੇ ਹੋਏ ਪੱਤੇ ਖਾਂਦੇ ਸਨ। ਫਿਰ ਬੜੀ ਤਰੇਹ ਲੱਗੀ, ਸਬੱਬ ਨਾਲ ਨੇੜੇ ਹੀ ਇਕ ਖੂਹ ਦਿਸ ਪਿਆ। ਜਦੋਂ ਮੈਂ ਕੋਲ ਜਾ ਕੇ ਵੇਖਿਆ ਤਾਂ ਉੱਥੇ ਖੂਹ ਨਹੀਂ ਸੀ

NO. 27

DATE

ਬਉਲੀ ਸੀ । ਮੈਂ ਉਥੇ ਪੰਜ ਇਸਨਾਨ ਕੀਤਾ ਅਤੇ ਜਲ ਛਕਿਆ ।
ਜਦੋਂ ਮੈਂ ਤੁਰਨ ਹੀ ਲੱਗਾ ਸਾਂ ਤਾਂ ਮੇਰੀ ਨਜ਼ਰ ਬਉਲੀ ਦੇ ਦੂਜੇ ਪਾਸੇ ਕੰਢੇ ਤੇ ਹੀ ਪਈ ਹੋਈ ਇਕ ਥੈਲੀ ਤੇ ਪਈ । ਮੈਂ ਖਿਆਲ ਕੀਤਾ ਕਿ ਸ਼ਾਇਦ ਕੋਈ ਭੁਲ ਗਿਆ ਹੋਵੇਗਾ । ਪਹਿਲਾਂ ਤਾਂ ਮੈਂ ਚੁੱਕਣੀ ਮੁਨਾਸਬ ਨ ਸਮਝਿਆ ਪਰ ਫਿਰ ਮੈਂ ਇਸ ਖਿਆਲ ਨਾਲ ਫੜ ਲਈ ਕਿ ਜਿਸ ਦੀ ਹੋਵੇਗੀ ਉਸਨੂੰ ਦੇ ਦਿਆਂਗਾ । ਮੈਂ ਥੈਲੀ ਹੱਥ ਵਿਚ ਲਟਕਾ ਕੇ ਤੁਰ ਪਿਆ ਅਤੇ ਰਾਹ ਵਿਚ ਮਿਲਦੇ ਹਰ ਰਾਹੀ ਨੂੰ ਪੁੱਛਦਾ ਰਿਹਾ ਕਿ ਇਹ ਥੈਲੀ ਉਸਦੀ ਤੇ ਨਹੀਂ ਜੇ ਉਸਦੀ ਹੈ ਤਾਂ ਲੈ ਲਵੇ । ਮੈਂ ਚੋਖੀ ਦੂਰ ਤਕ ਪੁਛਦਾ ਰਿਹਾ ਪਰ ਉਸਦਾ ਕੋਈ ਵੀ ਮਾਲਕ ਨਾ ਬਣਿਆ ।
ਹੁਣ ਮੈਨੂੰ ਚਿੰਤਾ ਲੱਗ ਗਈ ਕਿ ਇਹ ਪਰਾਇਆ ਧਨ ਹੈ, ਮੈਂ ਕਿਸ ਨੂੰ ਦੇਵਾਂ ?
ਮੈਂ ਗਹਿਰੀ ਸੋਚ ਵਿਚ ਹੀ ਸਾਂ ਕਿ ਸਤਿਗੁਰੂ ਜੀ ਨੇ

ਤਬ ਗੁਰ ਸਾਚੇ ਦੀਓ ਗਯਾਨ

ਭਾਈ, ਤੂੰ ਜੋ ਖਰਚੇ ਵਾਸਤੇ ਸੋਚਦਾ ਸੈਂ, ਮੈਂ ਹੀ ਤੇਰੇ ਵਾਸਤੇ ਇਹ ਥੈਲੀ ਬਉਲੀ ਦੇ ਕੰਢੇ ਰਖੀ ਸੀ, ਤੂੰ ਨਿਸ਼ੰਗ ਹੋ ਕੇ ਵਰਤ ।

ਸਾਧ ਸੰਗਤ ਜੀ, ਫਿਰ ਮੈਂ ਨਿਚਿੰਤ ਹੋ ਗਿਆ, ਥੈਲੀ ਵਿਚੋਂ ਕੁਝ ਰੁਪੈ ਕਢੇ ਅਤੇ ਵਰਤੇ । ਬਾਕੀ ਦੀ ਰਕਮ ਇਸ ਥੈਲੀ ਵਿਚ ਹੀ ਹੈ ।

ਸਾਰੀ ਸੰਗਤ ਨੇ ਵਾਰੀ ਵਾਰੀ ਉਸ ਹੈਰਾਨ ਕਰ ਦੇਣ ਵਾਲੀ ਥੈਲੀ ਦੇ ਦਰਸ਼ਨ ਕੀਤੇ

ਤਬ ਤਿਨ ਦੇਖੀ ਚੋਜ ਵਿਡਾਣੀ

ਹੁਣ ਸਭ ਦੇ ਮੂੰਹੋਂ ਇਹ ਆਵਾਜ਼ ਆ ਰਹੀ ਸੀ

# ਧੰਨ

# ਸ੍ਰੀ ਸਤਿਗੁਰੂ

# ਰਾਮ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com